Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 91 | Tuesday, May 10, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਕੈਨੇਡਾ ਵਿੱਚ ਹਜ਼ਾਰਾਂ ਜਾਅਲੀ ਸਿੱਕੇ ਬਰਾਮਦ, ਇੱਕ ਕਾਬੂ



ਓਨਟਾਰੀਓ, 9 ਮਈ (ਪੋਸਟ ਬਿਊਰੋ): ਕੈਨੇਡਾ ਭਰ ਵਿੱਚ ਚੱਲ ਰਹੇ 10,000 ਜਾਅਲੀ ਸਿੱਕਿਆਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਓਨਟਾਰੀਓ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਅਨੁਸਾਰ ਆਪਣੀ ਅਚਨਚੇਤੀ ਸੈਂਪਲਿੰਗ ਪ੍ਰਕਿਰਿਆ ਦੌਰਾਨ ਰੌਇਲ ਕੈਨੇਡੀਅਨ ਮਿੰਟ ਨੇ ਪਾਇਆ ਕਿ ਬਾਜ਼ਾਰ ਵਿੱਚ ਜਾਅਲੀ ਕਰੰਸੀ ਚੱਲ ਰਹੀ ਹੈ। ਇਸ ਤੋਂ ਬਾਅਦ ਆਰਸੀਐਮਪੀ ਨੇ 2021 ਦੀਆਂ ਗਰਮੀਆਂ ਵਿੱਚ ਜਾਂਚ ਸ਼ੁਰੂ ਕੀਤੀ।ਪੁਲਿਸ ਨੇ ਦੱਸਿਆ ਕਿ ਜਾਂਚ ਦੌਰਾਨ ਆਰਸੀਐਮਪੀ ਨੇ 10,000 ਜਾਅਲੀ ਟੂਨੀਜ਼ (ਸਿੱਕੇ)ਬਰਾਮਦ ਕੀਤੇ ਜਿਹੜੇ ਕਿ ਕੈਨੇਡੀਅਨ ਬੈਂਕਿੰਗ ਸਿਸਟਮ ਵਿੱਚ ਚੱਲ ਰਹੇ ਸਨ। ਪੁਲਿਸ ਅਨੁਸਾਰ ਅਜੇ ਵੀ ਜਾਅਲੀ ਸਿੱਕੇ ਕਰੰਸੀ ਸਿਸਟਮ ਵਿੱਚ ਬਣੇ ਹੋਏ ਹਨ।ਆਰਸੀਐਮਪੀ ਨੇ ਦੱਸਿਆ ਕਿ ਉਨ੍ਹਾਂ ਨੇ ਰਿਚਮੰਡ ਹਿੱਲ ਦੇ 68 ਸਾਲਾ ਵਿਅਕਤੀ ਡਾਇਗਜ਼ਿਓਂਗ ਹੀ ਨੂੰ ਜਾਅਲੀ ਕਰੰਸੀ ਚਲਾਉਣ ਤੇ ਆਪਣੇ ਕੋਲ ਰੱਖਣ ਲਈ ਚਾਰਜ ਕੀਤਾ ਹੈ।

## ਟੋਰੀ ਨੇ ਕੋਵਿਡ-19 ਸਬੰਧੀ ਐਮਰਜੰਸੀ ਨਿਯਮਾਂ ਨੂੰ ਖ਼ਤਮ ਕਰਨ ਦਾ ਕੀਤਾ ਐਲਾਨ

ਟੋਰਾਂਟੋ, 9 ਮਈ (ਪੋਸਟ ਬਿਊਰੋ): ਟੋਰਾਂਟੋ ਦੇ ਮੇਅਰ ਨੇ ਰਸਮੀ ਤੌਰ ਉੱਤੇ ਮਾਰਚ 2020 ਵਿੱਚ ਜਾਰੀ ਕੀਤੇ ਮਿਊਂਸਪਲ ਐਮਰਜੰਸੀ ਕੋਵਿਡ-19 ਨਿਯਮਾਂ ਨੂੰ ਖ਼ਤਮ ਕਰ ਦਿੱਤਾ ਹੈ।

ਸਿਟੀ ਨੇ ਸਟੇਟ ਆਫ ਐਮਰਜੰਸੀ ਤਹਿਤ ਅਧਿਕਾਰੀਆਂ ਨੂੰ ਮਹਾਂਮਾਰੀ ਦੌਰਾਨ ਰੁਟੀਨ ਵਿੱਚ ਜਨਤਕ ਸਿਹਤ ਹਾਲਾਤ ਬਾਰੇ ਜਾਣਕਾਰੀ ਦੇਣ ਦੇ ਹੁਕਮ ਦਿੱਤੇ ਸਨ। 2020 ਐਮਰਜੰਸੀ ਐਲਾਨਨਾਮਾ ਟੋਰਾਂਟੋ ਦੇ ਇਤਿਹਾਸ ਵਿੱਚ ਆਪਣੀ ਕਿਸਮ ਦਾ ਹੁਕਮ ਸੀ, ਜੋ ਕਿ ਪ੍ਰੋਵਿੰਸ ਸਮੇਤ ਨਾਲ ਲੱਗਦੀਆਂ ਹੋਰਨਾਂ ਮਿਊਂਸਪੈਲਿਟੀਜ਼ ਵੱਲੋਂ ਚੁੱਕੇ ਗਏ ਐਮਰਜੰਸੀ ਕੋਵਿਡ-19 ਮਾਪਦੰਡਾਂ ਦੀ ਤਰਜ਼ ਉੱਤੇ ਹੀ ਜਾਰੀ ਕੀਤਾ ਗਿਆ ਸੀ।

ਮੇਅਰ ਜੌਹਨ ਟੋਰੀ ਨੇ ਆਖਿਆ ਕਿ ਕੋਵਿਡ-19 ਸਬੰਧੀ ਐਮਰਜੰਸੀ ਨਿਯਮਾਂ ਨੂੰ ਖ਼ਤਮ ਕਰਨ



ਦਾ ਫੈਸਲਾ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ• ਐਲੀਨ ਡੀ ਵਿੱਲਾ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਲਿਆ ਗਿਆ ਹੈ। ਉਨ੍ਹਾਂ ਆਖਿਆ ਕਿ ਹੁਣ ਐਮਰਜੰਸੀ ਵਾਲੇ ਹਾਲਾਤ ਨਹੀਂ ਰਹੇ ਤੇ ਲੋਕਾਂ ਨੂੰ ਕੋਵਿਡ-19 ਸਬੰਧੀ ਵੈਕਸੀਨੇਸ਼ਨ ਦਾ ਕੰਮ ਵੀ ਲੱਗਭਗ ਮੁਕੰਮਲ ਹੋ ਚੁੱਕਿਆ ਹੈ ਤੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਕੋਸ਼ਿਸ਼ਾਂ ਜਾਰੀ ਹਨ।

ਉਨ੍ਹਾਂ ਆਖਿਆ ਕਿ ਸਾਡੇ ਸਮਰਪਿਤ ਸਿਟੀ ਸਟਾਫ ਦੀ ਬਦੌਲਤ ਅਸੀਂ ਇਸ ਐਮਰਜੰਸੀ ਵਾਲੇ ਸਮੇਂ ਵਿੱਚੋਂ ਬਾਹਰ ਆਉਣ ਵਿੱਚ ਕਾਮਯਾਬ ਹੋਏ ਹਾਂ ਤੇ ਅਸੀਂ ਸਥਾਨਕ ਵਾਸੀਆਂ ਦੀ ਮਦਦ ਲਈ ਹਰ ਕੰਮ ਕਰਨ ਵਾਸਤੇ ਤਿਆਰ ਹਾਂ ਤੇ ਅਸੀਂ ਬਿਹਤਰੀਨ ਮਿਊਂਸਪਲ ਸੇਵਾਵਾਂ ਵੀ ਸਥਾਨਕ ਵਾਸੀਆਂ ਨੂੰ ਦੇਣ ਲਈ ਕਮਰ ਕੱਸ ਚੁੱਕੇ ਹਾਂ।

## ਲਿਬਰਲਾਂ ਨੇ ਜਾਰੀ ਕੀਤਾ ਚੋਣ ਪਲੇਟਫਾਰਮ

ਓਨਟਾਰੀਓ, 9 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਵੱਲੋਂ ਪੂਰੀ ਲਾਗਤ ਵਾਲਾ ਆਪਣਾ ਚੋਣ ਪਲੇਟਫਾਰਮ ਜਾਰੀ ਕਰ ਦਿੱਤਾ ਗਿਆ ਹੈ। ਇਸ ਦਾ ਨਾਂ ਰੱਖਿਆ ਗਿਆ ਹੈ "ਅ ਪਲੇਸ ਟੂ ਗਰੋਅ," ਇਸ ਵਿੱਚ ਪ੍ਰੋਵਿੰਸ ਲਈ ਮੁਕੰਮਲ ਹਾਊਸਿੰਗ ਪਲੇਟਫਾਰਮ ਸ਼ਾਮਲ ਹੈ।

ਪਾਰਟੀ ਵੱਲੋਂ ਅਗਲੇ ਚਾਰ ਸਾਲਾਂ ਵਿੱਚ 16.4 ਬਿਲੀਅਨ ਡਾਲਰ ਖਰਚ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਘਾਟਾ ਵੀ ਪੀਸੀ ਪਾਰਟੀ ਦੇ ਬਰਾਬਰ ਹੀ ਰਹੇਗਾ। ਜੋ ਕਿ ਇਸ ਸਾਲ ਅਚਨਚੇਤੀ ਫੰਡਾਂ ਨੂੰ ਮੁੜ ਲੋਕੇਟ ਕਰਨ ਤੋਂ ਬਾਅਦ 19.9 ਬਿਲੀਅਨ ਡਾਲਰ ਰਹੇਗਾ।ਉਨ੍ਹਾਂ ਆਖਿਆ ਕਿ ਇਨ੍ਹਾਂ ਫੰਡਾਂ ਨੂੰ ਵਰਤਣ ਤੋਂ ਬਾਅਦ ਵੀ ਉਨ੍ਹਾਂ ਦੇ ਪਲੈਨ ਵਿੱਚ ਐਮਰਜੰਸੀ ਲਈ 3.4 ਬਿਲੀਅਨ ਡਾਲਰ ਫੰਡ 2022-23 ਲਈ ਰਾਖਵੇਂ ਰਹਿ ਜਾਣਗੇ।

ਲਿਬਰਲਾਂ ਨੇ ਆਖਿਆ ਕਿ ਉਹ 2026/27 ਤੱਕ ਬਜਟ ਨੂੰ ਸੰਤੁਲਿਤ ਕਰ ਦੇਣਗੇ। ਇੱਥੇ ਹੀ ਬੱਸ ਨਹੀਂ



ਸੱਤਾ ਵਿੱਚ ਆਉਣ ਦੇ ਪਹਿਲੇ 100 ਦਿਨਾਂ ਦੇ ਅੰਦਰ ਅੰਦਰ ਉਹ ਪ੍ਰੋਵਿੰਸ ਦੀ ਵਿੱਤੀ ਸਥਿਤੀ ਦਾ ਡੂੰਘਾਈ ਵਿੱਚ ਮੁਲਾਂਕਣ ਕਰਨਗੇ।ਹਾਊਸਿੰਗ ਪਲੇਟਫਾਰਮ ਵਿੱਚ ਓਨਟਾਰੀਓ ਦੇ ਸਾਰੇ ਘਰਾਂ ਲਈ ਰੈਂਟ ਕੰਟਰੋਲ ਮੁੜ ਸ਼ੁਰੂ ਕਰਨ ਦਾ ਤਹੱਈਆ ਵੀ ਪ੍ਰਗਟਾਇਆ ਗਿਆ ਹੈ। ਇਸ ਨੂੰ ਫੋਰਡ ਸਰਕਾਰ ਵੱਲੋਂ ਉਸ ਸਮੇਂ ਖਤਮ ਕਰ ਦਿੱਤਾ ਗਿਆ ਸੀ ਜਦੋਂ ਉਹ ਸੱਤਾ ਵਿੱਚ ਆਈ।

ਐਨਡੀਪੀ ਤੇ ਪੀਸੀ ਪਾਰਟੀ ਵਾਂਗ ਲਿਬਰਲਾਂ ਨੇ 1.5 ਮਿਲੀਅਨ ਨਵੇਂ ਕਿਫਾਇਤੀ ਘਰ ਬਣਾਉਣ ਦਾ ਵਾਅਦਾ ਵੀ ਕੀਤਾ।ਲਿਬਰਲਾਂ ਨੇ ਆਖਿਆ ਕਿ ਉਹ ਨਵੀਂ ਓਨਟਾਰੀਓ ਹੋਮ ਬਿਲਡਿੰਗ ਕਾਰਪੋਰੇਸ਼ਨ (ਓਐਚਬੀਸੀ) ਕਾਇਮ ਕਰਨਗੇ ਤਾਂ ਕਿ ਕਿਫਾਇਤੀ ਘਰਾਂ ਦਾ ਨਿਰਮਾਣ ਹੋ ਸਕੇ ਤੇ ਉਨ੍ਹਾਂ ਨੂੰ ਵਿੱਤੀ ਮਦਦ ਦਿੱਤੀ ਜਾ ਸਕੇ। ਇਹ ਘਰ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਹੋਣਗੇ। ਪਾਰਟੀ ਖਾਲੀ ਪਏ ਘਰਾਂ ਉੱਤੇ ਟੈਕਸ ਵੀ ਲਾਵੇਗੀ। ਲਿਬਰਲਾਂ ਨੇ ਇਹ ਵਾਅਦਾ ਵੀ ਕੀਤਾ ਕਿ ਘਰਾਂ ਦਾ ਨਰੀਖਣ ਕੀਤਾ ਜਾਵੇਗਾ ਤੇ ਘਰਾਂ ਦੇ ਨਰੀਖਣ ਨੂੰ ਕਾਨੂੰਨੀ ਅਧਿਕਾਰ ਦਾ ਦਰਜਾ ਦਿਵਾਇਆ ਜਾਵੇਗਾ।

ਵੋਟਰਾਂ ਨਾਲ ਲਿਬਰਲਾਂ ਨੇ ਕਰਾਰ ਕੀਤਾ ਕਿ ਰੀਜਨਲ ਪੱਧਰ ਉੱਤੇ 16 ਡਾਲਰ ਪ੍ਰਤੀ ਘੰਟੇ ਦੀਆਂ ਘੱਟ ਤੋਂ ਘੱਟ ਉਜਰਤਾਂ ਸ਼ੁਰੂ ਕੀਤੀਆਂ ਜਾਣਗੀਆਂ।ਲਿਬਰਲਾਂ ਵੱਲੋਂ ਪਲੇਟਫਾਰਮ ਵਿੱਚ ਸ਼ਾਮਲ ਕੀਤੇ ਗਏ ਹੋਰਨਾਂ ਐਲਾਨਾਂ ਵਿੱਚ ਲਾਂਗ ਟਰਮ ਪ੍ਰੌਫਿਟ ਕੇਅਰ ਨੂੰ ਖ਼ਤਮ ਕਰਨਾ, ਪੂਰੇ ਪ੍ਰੋਵਿੰਸ ਵਿੱਚ ਇੱਕ ਡਾਲਰ ਦੀ ਰਾਈਡ, ਸਰਜੀਕਲ ਬੈਕਲਾਗ ਨੂੰ ਖ਼ਤਮ ਕਰਨਾ, ਵਰਕਰਜ਼ ਲਈ ਪੇਡ ਸਿੱਕ ਡੇਅਜ਼, ਹਾਈਵੇਅ 413 ਨੂੰ ਰੱਦ ਕਰਨਾ ਆਦਿ ਸ਼ਾਮਲ ਹਨ।

## ਰਹਿਣ ਸਹਿਣ ਉੱਤੇ ਆਉਣ ਵਾਲੀ ਲਾਗਤ ਹੈ ਓਨਟਾਰੀਓ ਦੇ ਵੋਟਰਾਂ ਲਈ ਮੁੱਖ ਮੁੱਦਾ : ਰਿਪੋਰਟ

ਓਨਟਾਰੀਓ, 9 ਮਈ (ਪੋਸਟ ਬਿਊਰੋ) : ਓਨਟਾਰੀਓ ਦੇ ਹਰੇਕ ਚੋਣ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਇਸ ਸਮੇਂ ਵੋਟਰਾਂ ਦੀ ਮੁੱਖ ਚਿੰਤਾ ਰਹਿਣ-ਸਹਿਣ ਉੱਤੇ ਆਉਣ ਵਾਲੀ ਲਾਗਤ ਹੈ।

ਮਹਾਂਮਾਰੀ ਦੇ ਫੈਲਣ ਤੋਂ ਦੋ ਸਾਲ ਬਾਅਦ ਤੱਕ ਵੀ ਸਿਹਤ ਦਾ ਮੁੱਦਾ ਵੀ ਮੁੱਖ ਬਣਿਆ ਹੋਇਆ ਹੈ ਤੇ ਰੋਜ਼ਗਾਰ ਦਾ ਮਸਲਾ ਹੱਲ ਨਹੀਂ ਹੋ ਰਿਹਾ ਜਦਕਿ ਬੇਰੋਜ਼ਗਾਰੀ ਵੱਧਦੀ ਜਾ ਰਹੀ ਹੈ।ਓਨਟਾਰੀਓ ਦੇ ਪਾਰਟੀ ਆਗੂਆਂ ਵੱਲੋਂ ਅਕਸਰ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਲੋਕ ਚਾਹੁੰਦੇ ਹਨ ਕਿ ਆਗੂ ਉਨ੍ਹਾਂ ਨੂੰ ਦਰਪੇਸ਼ ਮੁੱਦਿਆਂ ਨੂੰ ਇਸ ਤਰ੍ਹਾਂ ਉਠਾਉਣ ਤਾਂ ਕਿ ਇਹ ਸਮਝ ਆ ਸਕੇ ਕਿ ਉਹ ਸਮਝਦੇ ਹਨ ਕਿ ਵੋਟਰਜ਼ ਨੂੰ ਕਿਹੋ ਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਪੋਲਸਟਰ ਤੇ ਇਨੋਵੇਟਿਵ ਰਿਸਰਚ ਗਰੁੱਪ ਦੇ ਪ੍ਰੈਜ਼ੀਡੈਂਟ ਗ੍ਰੈੱਗ ਲਾਇਲ ਨੇ ਆਖਿਆ ਕਿ ਜਿਹੜੇ ਸਮਾਰਟ ਸਿਆਸਤਦਾਨ ਹਨ ਉਨ੍ਹਾਂ ਨੂੰ ਰਹਿਣ ਸਹਿਣ ਉੱਤੇ ਆਉਣ ਵਾਲੀ ਲਾਗਤ ਨੂੰ ਮੁੱਦਾ ਨਹੀਂ ਮੰਨਣਾ ਚਾਹੀਦਾ ਸਗੋਂ ਇਸ ਸਮੱਸਿਆ ਨੂੰ ਕੈਰੈਕਟਰ ਟੈਸਟ ਮੰਨਣਾ ਚਾਹੀਦਾ ਹੈ।ਇਪਸੋਸ ਐਂਡ ਐਬੇਕਸ ਡਾਟਾ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਇਸ ਸਮੇਂ ਓਨਟਾਰੀਓ ਦੇ ਵੋਟਰ ਸੱਭ ਤੋਂ ਵੱਧ ਪ੍ਰਭਾਵਿਤ ਰਹਿਣ ਸਹਿਣ ਉੱਤੇ ਆਉਣ ਵਾਲੀ ਲਾਗਤ ਕਾਰਨ ਹੀ ਹਨ। ਜੇ ਤੁਸੀਂ ਇਸ ਮੁੱਦੇ ਨੂੰ ਛੱਡ ਕੇ ਕੋਈ ਹੋਰ ਮਸਲਾ ਚੁੱਕਦੇ ਹੋ ਤਾਂ ਵੋਟਰਾਂ ਨੂੰ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੇ।

ਸਰਵੇਖਣ ਅਨੁਸਾਰ ਇਸ ਮਾਮਲੇ ਵਿੱਚ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਲਿਬਰਲਾਂ ਤੇ ਐਨਡੀਪੀ ਤੋਂ ਵੱਧ ਫਾਇਦਾ ਹੈ। ਲਾਇਲ ਨੇ ਆਖਿਆ ਕਿ ਕਿਸੇ ਪਾਰਟੀ ਦੀ ਸਾਖ ਵੋਟਰਾਂ ਵਿੱਚ ਕਿਹੋ ਜਿਹੀ ਹੈ ਇਸ ਦਾ ਪਤਾ ਅਜਿਹੇ ਮੌਕਿਆਂ ਉੱਤੇ ਲੱਗਦਾ ਹੈ ਕਿਉਂਕਿ ਅਪਰੈਲ ਤੋਂ ਬਾਅਦ ਕਿਫਾਇਤੀ ਘਰਾਂ ਦੀ ਗੱਲ ਕਰਨ ਵਾਲੀਆਂ ਪਾਰਟੀਆਂ ਨੂੰ ਇਸ ਬਾਰੇ ਪਹਿਲਾਂ ਕਦੇ ਚੇਤਾ ਵੀ ਨਹੀਂ ਆਇਆ।ਇਹ ਪੁੱਛੇ ਜਾਣ ਉੱਤੇ ਕਿ ਅਫੋਰਡੇਬਿਲਿਟੀ ਵਾਸਤੇ ਕਿਹੜੀ ਪਾਰਟੀ ਚੰਗਾ ਕੰਮ ਕਰ ਸਕਦੀ ਹੈ ਤਾਂ ਵੋਟਰਾਂ ਨੇ ਆਖਿਆ ਕਿ ਕੋਈ ਵੀ ਨਹੀਂ।ਜਿਸ ਤੋਂ ਭਾਵ ਹੈ ਕਿ ਲਿਬਰਲਾਂ ਤੇ ਐਨਡੀਪੀ ਨੂੰ ਵੀ ਪੀਸੀ ਪਾਰਟੀ ਦੀ ਥਾਂ ਫਾਇਦਾ ਹੋ ਸਕਦਾ ਹੈ।

ਅਰਨਜ਼ਕਲਿੱਫ ਸਟਰੈਟੇਜੀ ਵੱਲੋਂ ਕਰਵਾਏ ਸਰਵੇਖਣ ਤੋਂ ਸਾਹਮਣੇ ਆਇਆ ਕਿ ਪੀਸੀ ਪਾਰਟੀ ਨੂੰ ਹੋਰਾਂ ਦੇ ਮੁਕਾਬਲੇ ਮਾਮੂਲੀ ਲੀਡ ਹਾਸਲ ਹੈ। ਵੋਟਰ ਅਜੇ ਵੀ ਰਹਿਣ ਸਹਿਣ ਦੀ ਲਾਗਤ ਨੂੰ ਹੀ ਚਿੰਤਾ ਦਾ ਮੁੱਖ ਮੁੱਦਾ ਮੰਨਦੇ ਹਨ।

NOW HIRING !!! ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate • Low Operating Costs • Many Recent Upgrades To Rooms • New Security Camera System • Plan Approved For Additional Unit
RAJ HANDA Broker of Record DIR: 647-546-5228 OFF: 905-457-4588
Save Max Global Realty

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

ਨਵਾਂ ਘਾਹ ਲਵਾਉ 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰਿਓ: 647-784-1213




Na

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਦੋ ਸਾਲਾਂ ਵਿੱਚ ਲਿਬਰਲਾਂ ਨੇ ਓਡੀਐਸਪੀ ਬੈਨੇਫਿਟ ਵਿੱਚ 20 ਫੀ ਸਦੀ ਵਾਧਾ ਕਰਨ ਦਾ ਕੀਤਾ ਵਾਅਦਾ

ਓਨਟਾਰੀਓ, 9 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਜੇ ਉਹ ਸੱਤਾ ਵਿੱਚ ਆਉਂਦੀ ਹੈ ਤਾਂ ਅਗਲੇ ਦੋ ਸਾਲਾਂ ਵਿੱਚ ਓਨਟਾਰੀਓ ਡਿਸਐਬਿਲਿਟੀ ਸਪੋਰਟ ਪ੍ਰੋਗਰਾਮ (ਓਡੀਐਸਪੀ)ਬੈਨੇਫਿਟਸ ਵਿੱਚ 20 ਫੀ ਸਦੀ ਦਾ ਵਾਧਾ ਕਰੇਗੀ।



ਇਸ ਸਮੇਂ ਅਪਾਹਜ ਵਿਅਕਤੀਆਂ ਨੂੰ ਕਿਰਾਇਆ, ਖਾਣਾ, ਕੱਪੜੇ ਲੱਤੇ ਤੇ ਹੋਰ ਖਰਚੇ ਪੂਰੇ ਕਰਨ ਲਈ ਮਹੀਨੇ ਦੇ 1,169 ਡਾਲਰ ਪ੍ਰਤੀ ਮਹੀਨਾ ਮਿਲਦੇ ਹਨ। ਪਿਛਲੇ ਕਈ ਸਾਲਾਂ ਤੋਂ ਇਸ ਰਕਮ ਵ੍ਰਿੱਚ ਵਾਧਾ ਕਰਨ ਦੀ ਮੰਗ ਉੱਠਦੀ ਰਹੀ ਹੈ।ਲਿਬਰਲ ਆਗੂ ਸਟੀਵਨ ਡੈਲ ਡੂਕਾ ਦਾ ਕਹਿਣਾ ਹੈ ਕਿ ਜੇ ਉਹ ਚੁਣੇ ਜਾਂਦੇ ਹਨ ਤਾਂ ਉਨ੍ਹਾਂ ਦੀ ਪਾਰਟੀ 2022 ਵਿੱਚ ਓਡੀਐਸਪੀ ਬੈਨੇਫਿਟਸ ਨੂੰ 10 ਫੀ ਸਦੀ ਵਧਾਵੇਗੀ ਤੇ 2023 ਵਿੱਚ ਇਨ੍ਹਾਂ ਬੈਨੇਫਿਟਸ ਨੂੰ 10 ਫੀ ਸਦੀ ਹੋਰ ਵਧਾਇਆ ਜਾਵੇਗਾ।

ਲਿਬਰਲ ਪਲੈਨ ਮੁਤਾਬਕ 2023 ਵਿੱਚ ਜਦੋਂ ਇਹ ਪਲੈਨ ਪੂਰੀ ਤਰ੍ਹਾਂ ਅਮਲ ਵਿੱਚ ਆ ਜਾਵੇਗਾ ਤਾਂ ਇੱਕ ਅਪਾਹਜ ਵਿਅਕਤੀ ਨੂੰ ਮਿਲਣ ਵਾਲੀ ਬੇਸਿਕ ਓਡੀਐਸਪੀ ਪੇਅਮੈਂਟ 1400 ਡਾਲਰ ਪ੍ਰਤੀ ਮਹੀਨਾ ਦੇ ਨੇੜੇ ਤੇੜੇ ਹੋਵੇਗੀ। ਲਿਬਰਲਾਂ ਅਨੁਸਾਰ ਇਸ ਉੱਤੇ 1.2 ਬਿਲੀਅਨ ਡਾਲਰ ਦਾ ਵਾਧੂ ਖਰਚਾ ਆਵੇਗਾ।

ਇਸ ਦੌਰਾਨ ਐਨਡੀਪੀ ਨੇ ਆਖਿਆ ਕਿ ਜੇ ਉਹ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਫੌਰੀ ਤੌਰ ਉੱਤੇ ਓਡੀਐਸਪੀ ਦਰਾਂ ਵਿੱਚ 20 ਫੀ ਸਦੀ ਦਾ ਵਾਧਾ ਕਰੇਗੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਆਪਣੇ ਪਹਿਲੇ ਕਾਰ-ਜਕਾਲ ਦੇ ਮੁੱਕਣ ਤੋਂ ਪਹਿਲਾਂ ਉਹ ਇਸ ਸਿਸਟਮ ਨੂੰ ਮੁੜ ਡਿਜ਼ਾਈਨ ਕਰਨਗੇ।ਗ੍ਰੀਨ ਪਾਰਟੀ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਬੈਨੇਫਿਟਸ ਨੂੰ ਦੁੱਗਣਾ ਕਰਨਗੇ। ਪੀਸੀ ਪਾਰਟੀ, ਜਿਹੜੀ ਇਸ ਸਮੇਂ ਚੋਣ ਸਰਵੇਖਣਾਂ ਵਿੱਚ ਸੱਭ ਤੋਂ ਅੱਗੇ ਚੱਲ ਰਹੀ ਹੈ, ਵੱਲੋਂ ਆਪਣੇ ਬਜਟ - ਜੋ ਕਿ ਉਨ੍ਹਾਂ ਦੇ ਇਲੈਕਸ਼ਨ ਪਲੇਟਫਾਰਮ ਵਜੋਂ ਵੀ ਕੰਮ ਕਰ ਰਿਹਾ ਹੈ-ਵਿੱਚ ਓਡੀਐਸਪੀ ਵਿੱਚ ਵਾਧਾ ਕੀਤੇ ਜਾਣ ਦੀ ਕੋਈ ਗੱਲ ਨਹੀਂ ਕੀਤੀ ਗਈ।

ਪ੍ਰੀਮੀਅਰ ਡੱਗ ਫੋਰਡ ਤੋਂ ਇਹ ਪੁੱਛੇ ਜਾਣ ਉੱਤੇ ਕਿ ਕੀ ਉਹ ਓਡੀਐਸਪੀ ਦਰਾਂ ਵਿੱਚ ਵਾਧਾ ਕਰਨਗੇ ਤਾਂ ਉਨ੍ਹਾਂ ਆਖਿਆ ਕਿ ਪਿਛਲੇ ਚਾਰ ਸਾਲਾਂ ਤੋਂ ਜਿਹੜੇ ਕੰਮ ਨਹੀਂ ਕਰ ਸਕਦੇ ਉਹ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਇਹ ਵੀ ਆਖਿਆ ਕਿ ਕਿਸੇ ਦੀ ਮਦਦ ਕਰਨ ਦਾ ਸੱਭ ਤੋਂ ਵਧੀਆ ਤਰੀਕਾ ਉਸ ਨੂੰ ਕੰਮ ਦਿਵਾਉਣਾ ਹੈ। ਜਦੋਂ ਸਟੀਵਨ ਡੈਲ ਡੂਕਾ ਤੋਂ ਇਹ ਪੁੱਛਿਆ ਗਿਆ ਕਿ 15 ਸਾਲ ਸੱਤਾ ਵਿੱਚ ਰਹਿਣ ਉੱਤੇ ਵੀ ਲਿਬਰਲਾਂ ਵੱਲੋਂ ਇਨ੍ਹਾਂ ਦਰਾਂ ਵਿੱਚ ਵਾਧਾ ਨਹੀਂ ਕੀਤਾ ਗਿਆ ਤਾਂ ਹੁਣ ਅਜਿਹਾ ਕੀ ਨਵਾਂ ਹੋਵੇਗਾ ਕਿ ਉਹ ਇਨ੍ਹਾਂ ਦਰਾਂ ਵਿੱਚ ਵਾਧੇ ਦੀ ਲੋਕਾਂ ਨੂੰ ਉਮੀਦ ਦਿਵਾ ਰਹੇ ਹਨ, ਤਾਂ ਇਸ ਉੱਤੇ ਡੈਲ ਡੂਕਾ ਨੇ ਆਖਿਆ ਕਿ ਬੀਤੀਆਂ ਗੱਲਾਂ ਬਾਰੇ ਉਹ ਕੁੱਝ ਨਹੀਂ ਆਖ ਸਕਦੇ ਪਰ ਹੁਣ ਲਿਬਰਲ ਲੀਡਰਸ਼ਿਪ ਨਵੀਂ ਹੈ।

# ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 9 ਮਈ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਰਿਚਮੰਡ ਹਿੱਲ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਐਮਰਜੰਸੀ ਰੰਨ ਰਾਹੀਂ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਯੰਗ ਸਟਰੀਟ ਤੇ ਰੌਇਲ ਓਰਚਰਡ ਬੁਲੇਵਾਰਡ ਵਿੱਚ ਹਥਿਆਰ ਨਾਲ ਇੱਕ ਵਿਅਕਤੀ ਉੱਤੇ ਹਮਲੇ ਦੀ ਖਬਰ ਦੇ ਕੇ ਦੁਪਹਿਰੇ 1:15 ਉੱਤੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਉਨ੍ਹਾਂ ਨੂੰ ਛੁਰੇਬਾਜ਼ੀ ਕਾਰਨ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਉੱਥੇ ਮਿਲਿਆ। ਪੁਲਿਸ ਨੇ ਦੱਸਿਆ ਕਿ ਉਸ ਦੀ ਹਾਲਤ ਕਿਹੋ ਜਿਹੀ ਹੈ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਪੁਲਿਸ ਨੇ ਆਖਿਆ ਕਿ ਉਸ ਦੇ ਜ਼ਖ਼ਮ ਜਾਨਲੇਵਾ ਵੀ ਹੋ ਸਕਦੇ ਹਨ।

ਇਹ ਘਟਨਾ ਵੀਵਾ ਯੌਰਕ ਰੀਜਨ ਦੀ ਟਰਾਂਜ਼ਿਟ ਬੱਸ ਵਿੱਚ ਵਾਪਰੀ।ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਪੁਲਿਸ ਘਟਨਾ ਦੇ ਸਬੰਧ ਵਿੱਚ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

# ਓਨਟਾਰੀਓ ਵਿੱਚ 15000 ਵਰਕਰ ਹੜਤਾਲ ਉੱਤੇ

ਓਨਟਾਰੀਓ, 9 ਮਈ (ਪੋਸਟ ਬਿਊਰੋ) : ਕਾਰਪੈਂਟਰਜ਼ ਡਿਸਟ੍ਰਿਕਟ ਕਾਊਂਸਲ ਆਫ ਓਨਟਾਰੀਓ ਦੇ ਵਰਕਰਜ਼ ਵੱਲੋਂ ਸੋਮਵਾਰ ਨੂੰ ਹੜਤਾਲ ਉੱਤੇ ਜਾਣ ਕਾਰਨ ਓਨਟਾਰੀਓ ਭਰ ਵਿੱਚ ਇੰਡਸਟਰੀਅਲ ਤੇ ਕਮਰਸ਼ੀਅਲ ਕੰਸਟ੍ਰਕਸ਼ਨ ਪ੍ਰੋਜੈਕਟ ਅਧਵਾਟੇ ਲਮਕ ਗਏ ਹਨ।



ਯੂਨੀਅਨ ਦੇ ਪ੍ਰੈਜ਼ੀਡੈਂਟ ਮਾਈਕ ਯੌਰਕ ਨੇ ਦੱਸਿਆ ਕਿ ਇੰਡਸਟਰੀਅਲ, ਕਮਰਸ਼ੀਅਲ ਤੇ ਇੰਸਟੀਚਿਊਸ਼ਨਲ (ਆਈਸੀਆਈ) ਸੈਕਟਰ ਦੇ ਇੰਪਲੌਇਰਜ਼ ਵੱਲੋਂ ਕੀਤੀ ਗਈ ਪੇਸ਼ਕਸ਼ ਠੁਕਰਾਉਣ ਤੋਂ ਬਾਅਦ ਅੰਦਾਜ਼ਨ 15,000 ਵਰਕਰਜ਼ ਸੋਮਵਾਰ ਨੂੰ ਹੜਤਾਲ ਉੱਤੇ ਚਲੇ ਗਏ। ਉਨ੍ਹਾਂ ਦੱਸਿਆ ਕਿ ਹੜਤਾਲ ਨਾਲ ਕਈ ਟਰਾਂਜ਼ਿਟ ਪ੍ਰੋਜੈਕਟਾਂ, ਜਿਸ ਵਿੱਚ ਐਗਲਿੰਟਨ ਕਰੌਸਟਾਊਨ ਐਲਆਰਟੀ ਲਾਈਨ ਦਾ ਕੰਮ ਵੀ ਸ਼ਾਮਲ ਹੈ, ਦਾ ਕੰਮ ਪ੍ਰਭਾਵਿਤ ਹੋ ਸਕਦਾ ਹੈ। ਹਸਪਤਾਲਾਂ ਦਾ ਕੰਮ ਵੀ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਪਰ ਉਨ੍ਹਾਂ ਆਖਿਆ ਕਿ ਰਿਹਾਇਸ਼ੀ ਉਸਾਰੀ ਦਾ ਕੰਮ ਪ੍ਰਭਾਵਿਤ ਨਹੀਂ ਹੋਵੇਗਾ।

ਯੌਰਕ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਕਈ ਥਾਂਵਾਂ ਉੱਤੇ ਧਰਨਾ ਲਾਇਆ ਜਾਵੇਗਾ ਜਿਸ ਵਿੱਚ ਇੱਕ ਦ ਵੈੱਲ ਐਟ ਸਪੈਡਿਨਾ ਐਵਨਿਊ ਤੇ ਡਾਊਨਟਾਊਨ ਟੋਰਾਂਟੋ ਵਿੱਚ ਵੈਲਿੰਗਟਨ ਸਟਰੀਟ ਆਦਿ ਉੱਤੇ। ਵਰਕਰਜ਼ ਤੇ ਇੰਪਲੌਇਰਜ਼ ਦਰਮਿਆਨ ਕੜੀ ਦਾ ਕੰਮ ਭੱਤੇ ਹੀ ਕਰਦੇ ਹਨ। ਯੌਰਕ ਨੇ ਆਖਿਆ ਕਿ ਮਹਾਂਮਾਰੀ ਦਰਮਿਆਨ ਵੀ ਅਹਿਮ ਇਨਫਰਾਸਟ੍ਰਕਚਰ ਦਾ ਨਿਰਮਾਣ ਕਰਨ ਵਿੱਚ ਕਾਰਪੈਂਟਰਜ਼ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਰਹਿਣ ਸਹਿਣ ਦੀ ਲਾਗਤ ਵੱਧਣ ਨਾਲ ਯੂਨੀਅਨ ਤੇ ਇਸ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਭੱਤਿਆਂ ਵਿੱਚ ਵਾਧਾ ਹੋਣਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਯੂਨੀਅਨ ਅਗਲੇ ਹਫਤੇ ਦੇ ਅੰਤ ਤੱਕ ਗੱਲਬਾਤ ਜਾਰੀ ਕਰਨ ਦੀ ਆਸ ਨਾਲ ਗੱਲਬਾਤ ਕਰਨ ਲਈ ਬਾਰਗੇਨਿੰਗ ਟੇਬਲ ਉੱਤੇ ਆਉਣ ਲਈ ਤਿਆਰ ਹੈ।

# ਵਿਜੇ ਦਿਵਸ ਮੌਕੇ ਪੁਤਿਨ ਨੇ ਕਿਹਾ: ਯੂਕਰੇਨ ਵਿੱਚ ਪੱਛਮ ਦੀਆਂ ਨੀਤੀਆਂ ਦਾ ਜਵਾਬ ਹੈ ਰੂਸੀ ਕਾਰਵਾਈ

ਮਾਸਕੋ, 9 ਮਈ, (ਪੋਸਟ ਬਿਊਰੋ)- ਯੂਕਰੇਨਵਿੱਚਰੂਸ ਦੀ ਫ਼ੌਜੀ ਕਾਰਵਾਈ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੱਛਮੀ ਨੀਤੀਆਂ ਦਾ ਜਵਾਬ ਦੱਸਿਆ ਹੈ।ਅੱਜ ਸੋਮਵਾਰ ਨੂੰ 'ਵਿਜੇ ਦਿਵਸ' ਮੌਕੇ ਪੁਤਿਨ ਨੇ ਇਹ ਗੱਲ ਕਹੀ।ਵਰਨਣ ਯੋਗ ਹੈ ਕਿ ਰੂਸ ਦੂਸਰੇ ਵਿਸ਼ਵ ਯੁੱਧ ਵਿੱਚ ਨਾਜ਼ੀਆਂਖਿਲਾਫ ਪੁਰਾਣੇ ਸੋਵੀਅਤ ਰੂਸ ਦੀ ਜਿੱਤ ਦੀ ਯਾਦ ਵਿੱਚ'ਵਿਜੇ ਦਿਵਸ' ਮਨਾਉਂਦਾ ਹੈ। ਇਹ ਜਿੱਤ 9 ਮਈ 1945 ਨੂੰ ਮਿਲੀ ਸੀ।



ਵਲਾਦੀਮੀਰ ਪੁਤਿਨ ਨੇ ਜਰਮਨੀ ਦੀਆਂ ਨਾਜ਼ੀ ਫ਼ੌਜਾਂ ਵਿਰੁੱਧ 'ਰੈੱਡ ਆਰਮੀ' ਦੀ ਜੰਗ ਦੀ ਤੁਲਨਾ ਯੂਕਰੇਨਵਿੱਚਅੱਜਕੱਲ੍ਹ ਦੀਆਂ ਰੂਸੀ ਫ਼ੌਜ ਦੀਆਂ ਕਾਰਵਾਈਆਂ ਨਾਲ ਕਰ ਕੇ ਕਿਹਾ ਕਿ ਯੂਕਰੇਨਵਿੱਚ ਸੰਭਾਵੀ ਹਮਲੇ ਨੂੰ ਰੋਕਣ ਲਈ ਸਹੀ ਸਮੇਂ ਉੱਤੇ ਕੀਤੀ ਕਾਰਵਾਈ ਠੀਕ ਹੈ। ਪੁਤਿਨ ਨੇ ਕਿਹਾ ਕਿ ਰੂਸੀ ਫ਼ੌਜੀ ਯੂਕਰੇਨਵਿੱਚ ਦੇਸ਼ ਦੀ ਸੁਰੱਖਿਆ ਲਈ ਲੜ ਰਹੇ ਹਨ। ਇਸ ਜੰਗ ਵਿੱਚ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਇੱਕ ਮਿੰਟ ਦਾ ਮੌਨ ਵਿਜੇ ਦਿਵਸ ਮੌਕੇ ਰੱਖਿਆ ਗਿਆ। ਹਰ ਸਾਲਵਾਂਗ'ਵਿਜੇ ਦਿਵਸ' ਮੌਕੇ ਸੋਮਵਾਰ ਨੂੰ ਲਾਲ ਚੌਕ ਤੋਂ ਮਿਲਟਰੀ ਪਰੇਡ ਕੱਢੀ ਗਈ, ਜਿਸ ਵਿੱਚ ਟੈਂਕ, ਬਖਤਰਬੰਦ ਵਾਹਨ, ਵੱਡੀਆਂ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਲਿਜਾਣ ਵਾਲੇ ਵਾਹਨ ਦੇਖੇ ਗਏ। ਇਸ ਸਾਲ 'ਵਿਜੇ ਦਿਵਸ' ਉੱਤੇ ਫ਼ੌਜ ਤੇ ਹਥਿਆਰ ਘੱਟ ਦਿਖਾਈ ਦਿੱਤੇ, ਕਿਉਂਕਿ ਇਸ ਸਮੇਂ ਯੂਕਰੇਨ ਵਿਚ ਰੂਸੀ ਫ਼ੌਜ ਦੀ ਕਾਰਵਾਈ ਵਿੱਚ ਫ਼ੌਜਾਂ ਅਤੇ ਹਥਿਆਰਾਂ ਦਾ ਵੱਡਾ ਹਿੱਸਾਓਥੇ ਤਾਇਨਾਤ ਕੀਤਾ ਹੋਇਆ ਹੈ।

ਇਸ ਮੌਕੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 15 ਦੇਸ਼ਾਂ ਯੂਕਰੇਨ, ਅਜ਼ਰਬਾਈਜਾਨ, ਅਰਮੇਨੀਆ, ਬੇਲਾਰੂਸ, ਕਜ਼ਾਖਸਤਾਨ, ਕਿਰਗਿਜ਼ਤਾਨ, ਮੋਲਡੋਵਾ, ਤਾਜਿਕ-ਸਤਾਨ, ਤੁਰਕਮੇਨਿਸਤਾਨ, ਉਜ਼ਬੇਕਿਸਤਾਨ, ਅਬਖਾਜ਼ੀਆ, ਦੱਖਣੀ ਓਸੇਟੀਆ, ਡੀਪੀਆਰ ਕੋਰੀਆ, ਐਲਪੀਆਰ ਅਤੇ ਜਾਰਜੀਆ ਨੂੰ ਵਧਾਈ ਸੰਦੇਸ਼ ਭੇਜੇ ਹਨ।ਪੁਤਿਨ ਨੇ ਸੰਦੇਸ਼ ਵਿਚ ਕਿਹਾ: '1945 ਵਾਂਗ ਹੀ ਸਾਡੀ ਜਿੱਤ ਹੋਵੇਗੀ। ਸਾਡੇ ਵੱਡਿਆਂ ਵਾਂਗ ਸਾਡੇ ਸਿਪਾਹੀ ਮਾਤ ਭੂਮੀ ਨੂੰ ਨਾਜ਼ੀਆਂ ਤੋਂ ਆਜ਼ਾਦ ਕਰਾਉਣ ਲਈ ਲੜ ਰਹੇ ਹਨ।ਅੱਜ ਸਾਡਾ ਫਰਜ਼ ਨਾਜ਼ੀਵਾਦ ਨੂੰ ਰੋਕਣਾ ਹੈ, ਜਿਸ ਕਾਰਨ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੂੰ ਬਹੁਤ ਦੁੱਖ ਹੋਇਆ। ਮੈਨੂੰ ਆਸ ਹੈ ਕਿ ਨਵੀਂ ਪੀੜ੍ਹੀ ਆਪਣੇ ਪਿਤਾ ਤੇ ਦਾਦੇ ਦੀ ਯਾਦ ਦੇ ਯੋਗ ਹੋ ਸਕਦੀ ਹੈ।'

# ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਵੱਲੋਂ ਅਸਤੀਫ਼ਾ

* ਦੇਸ਼ ਵਿੱਚ ਸਿਆਸੀ ਸੰਕਟ ਹੋਰ ਡੂੰਘਾ, ਸੜਕਾਂ ਉੱਤੇ ਟੱਕਰਾਂ

ਕੋਲੰਬੋ, 9 ਮਈ, (ਪੋਸਟ ਬਿਊਰੋ)- ਸ਼੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਅੱਜ ਅਸਤੀਫ਼ਾ ਦੇ ਦਿੱਤਾ ਹੈ।ਇਸ ਦੌਰਾਨ ਦੇਸ਼ ਵਿੱਚ ਆਰਥਿਕ ਦੇ ਨਾਲ ਸਿਆਸੀ ਸੰਕਟ ਵੀਹੋਰ ਡੂੰਘਾ ਹੁੰਦਾ ਜਾ ਰਿਹਾ ਹੈ।



ਅੱਜ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਅਹੁਦੇ ਤੋਂ ਅਸਤੀਫਾ ਦੇਣ ਵਾਲਾ ਫੈਸਲਾ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਦੀ ਬੇਨਤੀ ਤੋਂ ਬਾਅਦ ਲਿਆ ਹੈ। ਐਮਰਜੈਂਸੀ ਲੱਗਣ ਪਿੱਛੋਂ ਡੂੰਘੇ ਆਰਥਿਕ ਸੰਕਟ ਕਾਰਨ ਉਸ ਨੂੰ ਅਹੁਦਾ ਛੱਡਣ ਨੂੰ ਕਿਹਾ ਗਿਆ ਸੀ। ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਅਸਤੀਫ਼ੇ ਬਾਰੇ ਸ੍ਰੀਲੰਕਾ ਦੀ ਕੈਬਨਿਟ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਉਨ੍ਹਾਂ ਦੇ ਅਸਤੀਫੇ ਨਾਲ ਮੰਤਰੀ ਮੰਡਲ ਵਿੱਚਆਏ ਵਿਗਾੜ ਕਾਰਨ ਉਥੇ ਸੰਕਟ ਹੋਰ ਡੂੰਘਾ ਹੋ ਸਕਦਾ ਹੈ।ਮਹਿੰਦਾ ਰਾਜਪਕਸ਼ੇ ਪਹਿਲਾਂ ਕਈ ਵਾਰ ਕਹਿ ਚੁੱਕੇ ਹਨ ਕਿ ਜੇ ਉਨ੍ਹਾਂ ਦਾ ਅਸਤੀਫਾ ਸ੍ਰੀਲੰਕਾ ਦੇ ਆਰਥਿਕ ਸੰਕਟ ਦਾ ਇੱਕੋ ਇੱਕ ਹੱਲ ਹੈ ਤਾਂ ਉਹ ਅਜਿਹਾ ਕਰਨ ਲਈ ਤਿਆਰ ਹਨ।

ਰਾਜਧਾਨੀ ਕੋਲੰਬੋ ਵਿੱਚਅੱਜਹ-ਾਕਮ ਪਾਰਟੀ ਦੇ ਸਮੱਰਥਕਾਂ ਨੇ ਸਰਕਾਰ ਦਾ ਵਿਰੋਧ ਕਰਦੇ ਲੋਕਾਂ ਉੱਤੇ ਹਮਲਾ ਕਰ ਦਿੱਤਾ। ਸਰਕਾਰ ਸਮੱਰਥਕਾਂ ਦੀਆਂ ਪੁਲਿਸ ਨਾਲ ਝੜਪ ਦੀਆਂ ਵੀ ਖ਼ਬਰਾਂ ਹਨ, ਜਿਸ ਮੌਕੇ ਪੁਲਿਸ ਨੇ ਉਨ੍ਹਾਂ ਉੱਤੇ ਅੱਥਰੂ ਗੈਸ ਦੇ ਗੋਲੇ ਤੇ ਵਾਟਰ ਕੈਨਰ ਚਲਾਏ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਸਭ ਤੋਂ ਭੈੜੇ ਵਿੱਤੀ ਸੰਕਟ ਦੇ ਦੌਰਾਨ ਆਮ ਲੋਕ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਵਿਰੁੱਧ ਭੜਕ ਰਹੇ ਹਨ।ਅੱਜ ਸੋਮਵਾਰ ਸੱਤਾਧਾਰੀ ਪਾਰਟੀ ਦੇ ਸੈਂਕੜੇ ਸਮੱਰਥਕਾਂ ਨੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਦੀ ਸਰਕਾਰੀ ਰਿਹਾਇਸ਼ ਅੱਗੇ ਰੈਲੀ ਕੀਤੀ ਅਤੇ ਸਰਕਾਰ ਵਿਰੋਧੀਆਂਉੱਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕੀਤਾ। ਮਾਰਚ ਮਹੀਨੇ ਦੇ ਅੰਤਵਿੱਚ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਣ ਪਿੱਛੋਂ ਸਰਕਾਰ ਪੱਖੀ ਅਤੇ ਸਰਕਾਰ ਵਿਰੋਧੀ ਲੋਕਾਂ ਦੀ ਇਹ ਪਹਿਲੀ ਝੜਪ ਹੈ। ਇਸ ਵਿੱਚ ਘੱਟੋ-ਘੱਟ 20 ਲੋਕ ਗੰਭੀਰ ਜ਼ਖਮੀ ਹੋਏ ਹਨ ਅਤੇ ਇੱਕ ਪਾਰਲੀਮੈਂਟ ਮੈਂਬਰ ਦੀ ਮੌਤ ਦੀ ਖਬਰ ਹੈ। ਇਸ ਝੜਪ ਦੇ ਖੇਤਰ ਵਿੱਚ ਨੀਮ ਫੌਜੀ ਬਲਾਂ ਨੂੰ ਤਾਇਨਾਤ ਕੀਤਾ ਗਿਆ ਅਤੇ ਕੋਲੰਬੋ ਸਮੇਤ ਸ੍ਰੀਲੰਕਾ ਦੇ ਪੱਛਮੀ ਸੂਬੇ ਵਿੱਚ ਕਰਫਿਊ ਲਾ ਦਿੱਤਾ ਗਿਆ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

UPGRADE TO GAS STOVE IN JUST $49
PRICE $4499 +TAX
SPECIAL OFFER ON Mother's Day

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਝਗੜਾ ਭਾਰਤ-ਪੰਜਾਬ ਦਾ ਵਧਣ ਲੱਗਾ,
ਦਿੱਸਦੀ ਨਾਹੀਂ ਭਵਿੱਖ ਵਿੱਚ ਸੁੱਖ ਬੇਲੀ।
ਇਨ੍ਹਾਂ ਹਿੰਦ-ਪੰਜਾਬ ਦਿਆਂ ਝਗੜਿਆਂ ਨੇ,
ਦਿੱਤੇ ਪਹਿਲਾਂ ਵੀ ਬਹੁਤ ਹਨ ਦੁੱਖ ਬੇਲੀ।
ਧੁਖਣੀ ਧੂਣੀ ਆਹ ਜਿੱਦਾਂ ਹੈ ਸ਼ੁਰੂ ਹੋਈ,
ਭਵਿੱਖ ਦੀ ਸਾਫ ਨਾ ਜਾਪਦੀ ਕੁੱਖ ਬੇਲੀ।
ਕੱਢਦੀਆਂ ਗੇੜੇ ਕਲਜੋਗਣਾਂ ਦਿਨੇਰਾਤੀਂ,
ਪੂਰੀ ਕਰਨ ਦੇ ਲਈ ਭਰਵੀਂ ਭੁੱਖ ਬੇਲੀ।
ਸਕਦਾ ਸੰਭਲ, ਪੰਜਾਬ, ਤੂੰ ਜਾਈਂ ਸੰਭਲ,
ਲੁਕਵੀਂ ਕੋਈ ਨਾ ਮਾਰ ਜਾਏ ਮਾਰ ਬੇਲੀ।
ਅਗਲਾ ਜਦੋਂ ਵੀ ਚੁੱਕਣਾ ਕਦਮ ਹੋਇਆ,
ਕਰਕਰ ਚੁੱਕੀਂਕੁਝ ਸੋਚ ਵਿਚਾਰ ਬੇਲੀ।

**ਤੀਸ ਮਾਰ ਖਾਂ**

# ਮੋਹਾਲੀ ਵਿੱਚ ਇੰਟੈਲੀਜੈਂਸ ਦਫ਼ਤਰ ਉੱਤੇ ਰਾਕੇਟ ਨਾਲ ਹਮਲਾ, ਜਾਨੀ ਨੁਕਸਾਨ ਤੋਂ ਬਚਾਅ

ਚੰਡੀਗੜ੍ਹ, 9 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੋਹਾਲੀ ਵਿਚਲੇ ਸੈਕਟਰ-72 ਵਿੱਚ ਪੁਲਸ ਇੰਟੈਲੀਜੈਂਸ ਦਫ਼ਤਰ ਦੇ ਬਾਹਰ ਸੋਮਵਾਰ ਦੇਰ ਸ਼ਾਮ ਵੱਡਾ ਧਮਾਕਾ ਹੋਣ ਦੀ ਖ਼ਬਰ ਆਈ, ਜਿਸ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਧਮਾਕੇ ਤੋਂ ਬਾਅਦ ਓਥੇ ਵੱਡੀ ਗਿਣਤੀ ਵਿੱਚ ਪੁਲਸ ਤਾਇਨਾਤ ਕਰ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਖੁਫੀਆ ਵਿਭਾਗ ਦੇ ਦਫ਼ਤਰ ਦੀ ਤੀਸਰੀ ਮੰਜ਼ਲ ਉੱਤੇ ਰਾਕੇਟ ਵਰਗੀ ਕੋਈ ਚੀਜ਼ ਮਾਰੀ ਜਾਣ ਨਾਲ ਇਹ ਧਮਾਕਾ ਹੋਇਆ ਅਤੇ ਦਫ਼ਤਰ ਦੀਆਂ ਕਈ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਇਸ ਧਮਾਕੇ ਵਿੱਚ ਕੋਈ ਜਾਨੀ ਨੁਕਸਾਨ ਹੋਣ ਦੀ ਖਬਰ ਨਹੀਂ ਹੈ। ਪੁਲਸ ਦੇ ਕਈ ਉੱਚ ਅਧਿਕਾਰੀ ਮੌਕੇ ਉੱਤੇ ਹਨ ਅਤੇ ਇਸ ਦੀ ਜਾਂਚ ਕਰ ਰਹੇ ਹਨ, ਜਿਸ ਦੌਰਾਨ ਪੂਰਾ ਇਲਾਕਾ ਸੀਲ ਕਰ ਦਿੱਤਾ ਗਿਆ ਹੈ।

ਮੋਹਾਲੀ ਪੁਲਿਸ ਦੇਬਿਆਨ ਅਨੁਸਾਰਸੈਕਟਰ 77, ਐਸਏਐਸ ਨਗਰ ਵਿੱਚਪੰਜਾਬ ਪੁਲਿਸ ਇੰਟੈਲੀਜੈਂਸ ਦੇ ਹੈੱਡਕੁਆਰਟਰ ਵਿੱਚ ਸ਼ਾਮ 7:45 ਵਜੇ ਦੇ ਕਰੀਬ ਇੱਕ ਮਾਮੂਲੀ ਧਮਾਕਾ ਹੋਣ ਦੀ ਸੂਚਨਾ ਮਿਲੀ, ਪਰ ਕਿਸੇ ਨੁਕਸਾਨ ਦੀ ਸੂਚਨਾ ਨਹੀਂ ਹੈ।




ਸੀਨੀਅਰ ਅਧਿਕਾਰੀ ਮੌਕੇ ਉੱਤੇ ਹਨ ਤੇ ਜਾਂਚ ਕੀਤੀ ਜਾ ਰਹੀ ਹੈ, ਜਿਸ ਲਈ ਫੋਰੈਂਸਿਕ ਟੀਮਾਂ ਨੂੰ ਬੁਲਾਇਆ ਗਿਆ ਹੈ। ਪੰਜਾਬ ਪੁਲਿਸ ਨੇ ਸ਼ੁਰੂ ਵਿੱਚ ਇਸ ਕੇਸ ਨੂੰ ਹਾਦਸਾ ਦੱਸਿਆਅਤੇ ਕਿਹਾ ਕਿ ਇਹ ਅੱਤਵਾਦੀ ਹਮਲਾ ਨਹੀਂ, ਪਰ ਕੁਝ ਲੋਕ ਹਮਲੇ ਵਿੱਚ ਵਰਤੇ ਗਏ ਹਥਿਆਰ ਨੂੰ ਮਿੰਨੀ ਰਾਕੇਟ ਲਾਂਚਰ ਆਖ ਰਹੇ ਹਨ।



ਇਸ ਦੌਰਾਨ ਮੋਹਾਲੀ ਦੇ ਐੱਸਪੀ (ਡੀ) ਰਵਿੰਦਰ ਪਾਲ ਨੇ ਕਿਹਾ ਕਿ ਪੰਜਾਬ ਇੰਟੈਲੀਜੈਂਸ ਹੈੱਡਕੁਆਰਟਰ ਦੀ ਇਮਾਰਤ ਉੱਤੇ ਮਾਮੂਲੀ ਹਮਲਾ ਹੋਇਆ ਹੈ, ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਮਾਰਤ ਦੀ ਖਿੜਕੀ ਟੁੱਟੀ ਹੈ ਤੇ ਦਫ਼ਤਰ ਦੇ ਅੰਦਰ ਕੋਈ ਨੁਕਸਾਨ ਨਹੀਂ ਹੋਇਆ। ਸੜਕ ਵਾਲੇ ਪਾਸੇ ਤੋਂ ਹਮਲਾ ਹੋਇਆ ਸੀ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਲਈ ਸਾਰੇ ਉੱਚ ਅਧਿਕਾਰੀ ਮੌਕੇ ਉੱਤੇ ਹਨ। ਪੁਲੀਸ ਟੀਮ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਦੂਸਰੇ ਪਾਸੇ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਇਸ ਘਟਨਾ ਵਿੱਚ ਰਾਕੇਟ ਪ੍ਰੋਪੈਲਡ ਗ੍ਰਨੇਡ ਵਰਗੀ ਚੀਜ਼ ਦੇ ਨਾਲ ਖੁਫੀਆ ਦਫ਼ਤਰ ਉੱਤੇ ਹਮਲਾ ਕੀਤਾ ਗਿਆ ਅਤੇ ਇਸ ਨੂੰ ਰਾਕੇਟ ਲਾਂਚਰ ਦੀ ਮਦਦ ਨਾਲ ਦਾਗਿਆ ਗਿਆ ਹੈ।

# ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਵੱਲੋਂ ਇਮਰਾਨ ਨੂੰ ਕਾਨੂੰਨੀ ਕਾਰਵਾਈ ਦੀ ਚੇਤਾਵਨੀ





ਇਸਲਾਮਾਬਾਦ, 9 ਮਈ, (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਖਿਲਾਫ ਦੇਸ਼ ਵਿੱਚ ਘਰੇਲੂ ਜੰਗ ਛੇੜਨ ਦੀ ਸਾਜ਼ਿਸ਼ ਰਚਣ ਅਤੇ ਕੌਮੀ ਸੰਸਥਾਵਾਂ ਵਿਰੁੱਧ ਮਨਘੜਤ ਦੋਸ਼ ਲਾਉਣ ਕਾਰਨ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ।

ਸ਼ਾਹਬਾਜ਼ ਸ਼ਰੀਫ ਦੀ ਇਹ ਟਿੱਪਣੀ ਓਦੋਂ ਆਈ ਹੈ, ਜਦੋਂ ਇਸ ਦੇਸ਼ ਦੀ ਫੌਜ ਨੇ ਆਪਣੇ ਆਲੋਚਕਾਂ ਨੂੰ ਦੇਸ਼ ਦੇ ਪ੍ਰਮੁੱਖ ਅਦਾਰਿਆਂਖਿਲਾਫਕੂੜ ਪ੍ਰਚਾਰ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ ਹੈ।ਇਮਰਾਨ ਖਾਨ (69) ਦੀ ਸਰਕਾਰ ਪਿਛਲੇ ਮਹੀਨੇ ਬੇਭਰੋਸਗੀ ਮਤੇ ਨਾਲਸੱਤਾ ਤੋਂ ਹਟਾਈ ਗਈ ਸੀ। ਉਸ ਨੇ ਦੋਸ਼ ਲਾਇਆ ਹੈ ਕਿ ਆਜ਼ਾਦ ਵਿਦੇਸ਼ ਨੀਤੀ ਅਪਣਾਉਣ ਕਾਰਨਲੋਕਲਆਗੂਆਂ ਦੀ ਮਦਦ ਨਾਲ ਅਮਰੀਕਾ ਦੀ ਅਗਵਾਈ ਹੇਠ ਉਸ ਨੂੰ ਹਟਾਉਣ ਦੀ ਸਾਜ਼ਿਸ਼ ਰਚੀ ਗਈ ਸੀ। ਉਨ੍ਹਾਂ ਦੇ ਸਮੱਰਥਕਾਂ ਨੇ ਇਮਰਾਨ ਸਰਕਾਰ ਬਚਾਉਣ ਵਿੱ-ਚਰੋਲ ਨਾ ਨਿਭਾਉਣ ਉੱਤੇ ਇੰਟਰਨੈੱਟ ਮੀਡੀਆ ਉੱਤੇ ਫੌਜ ਉੱਤੇ ਨਿਸ਼ਾਨਾ ਸਾਧਿਆ ਸੀ। ਪ੍ਰਧਾਨ ਮੰਤਰੀ ਦਫ਼ਤਰ ਨੇ ਐਤਵਾਰ ਦੇਰ ਰਾਤ ਜਾਰੀ ਬਿਆਨ ਵਿੱਚ ਕਿਹਾ ਕਿ ਸ਼ਾਹਬਾਜ਼ ਨੇ ਐਬਟਾਬਾਦ ਦੀ ਰੈਲੀ ਵਿੱਚ ਇਮ-ਰਾਨ ਦੇ ਸੰਬੋਧਨ ਨੂੰ ਪਾਕਿਸਤਾਨ ਖਿਲਾਫ ਵੱਡੀ ਸਾਜ਼ਿਸ਼ ਕਰਾਰ ਦਿੱਤਾ ਹੈ।ਸ਼ਾਹਬਾਜ਼ ਸ਼ਰੀਫ ਦੇ ਮੁਤਾਬਕ ਇਮਰਾਨ ਖਾਨ ਨੇ ਐਤਵਾਰ ਐਬਟਾਬਾਦ ਵਿੱਚ ਪਾਕਿਸਤਾਨ, ਉਸ ਦੇ ਸੰਵਿਧਾਨ ਤੇ ਸਨਮਾਨਤ ਸੰਸਥਾਵਾਂ ਨੂੰ ਚੁਣੌਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਮ-ਰਾਨ ਜੋ ਕਰਦਾ ਹੈ, ਉਹ ਸਾਜ਼ਿਸ਼ਕਿਹਾ ਜਾ ਸਕਦਾ ਹੈ, ਇਹ ਰਾਜਨੀਤੀ ਨਹੀਂ, ਇਹ ਸਾਜ਼ਿਸ਼ ਕਿਸੇ ਸਿਆਸੀ ਵਿਰੋਧੀ ਦੇ ਖਿਲਾਫ ਨਹੀਂ, ਦੇਸ਼ ਵਿਰੁੱਧ ਹੈ। ਇਮਰਾਨ ਖਾਨ ਨੇ ਐਬਟਾਬਾਦ ਵਿੱਚ ਕਿਹਾ ਸੀ ਕਿ 20 ਮਈ ਦੇ ਲਾਂਗ ਮਾਰਚ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ, ਜਿਸ ਵਿੱਚ 20 ਲੱਖ ਤੋਂ ਵੱਧ ਲੋਕ ਸ਼ਾਮਲ ਹੋਣਗੇ। ਸ਼ਾਹਬਾਜ਼ ਸ਼ਰੀਫ ਨੇ ਕਿਹਾ, 'ਪਾਕਿਸਤਾਨ ਕਿਸੇ ਵੀ ਵਿਅਕਤੀ ਦੇ ਹੰਕਾਰ, ਹੰਕਾਰ ਅਤੇ ਝੂਠ ਅੱਗੇ ਸਮੱਰਪਣ ਜਾਂ ਸਮਝੌਤਾ ਨਹੀਂ ਕਰ ਸਕਦਾ।ਇਮਰਾਨ ਨੇ ਪਹਿਲਾਂ ਦੇਸ਼ ਦੀ ਆਰਥਿਕਤਾ ਤਬਾਹ ਕਰਨ ਦੀ ਸਾਜ਼ਿਸ਼ ਰਚੀ ਅਤੇ ਅੱਜ ਘਰੇਲੂ ਯੁੱਧ ਛੇੜਨ ਦੀ ਕੋਸ਼ਿਸ਼ ਕਰ ਰਿਹਾ ਹੈ।'

ਸ਼ਾਹਬਾਜ਼ ਸ਼ਰੀਫ ਨੇ ਕਿਹਾ, 'ਇਮਰਾਨ ਇਸ ਦੌਰ ਦੇ ਮੀਰ ਜਾਫ਼ਰ ਅਤੇ ਮੀਰ ਸਾਦਿਕ ਹਨ, ਜੋ ਚਾਹੁੰਦੇ ਹਨ ਕਿ ਪਾਕਿਸਤਾਨ ਨੂੰ ਲੀਬੀਆ ਤੇ ਇਰਾਕ ਵਰਗੇ ਹਾਲਵਿੱਚ ਹੋਣਾ ਚਾਹੀਦਾ ਹੈ।' ਮੀਰ ਜਾਫ਼ਰ ਤੇ ਮੀਰ ਸਾਦਿਕ 18ਵੀਂ ਸਦੀ ਵਿੱਚ ਈਸਟ ਇੰਡੀਆ ਕੰਪਨੀ ਦੇ ਸਹਿਯੋਗੀ ਬਣੇ ਸਨ। ਸ਼ਾਹਬਾਜ਼ ਸ਼ਰੀਫ ਨੇ ਕਿਹਾ, 'ਪਾਕਿਸਤਾਨ ਦੇ ਲੋਕ, ਸੰਵਿਧਾਨ ਤੇ ਸੰਸਥਾਵਾਂ ਇਮਰਾਨ ਨਿਆਜ਼ੀ ਦੇ ਗੁਲਾਮ ਨਹੀਂ, ਨਾ ਉਹ ਉਨ੍ਹਾਂ ਨੂੰ ਬੰਦੀ ਬਣਾ ਸਕਦਾ ਹੈ।'

# ਮੁੱਖ ਮੰਤਰੀ ਨਾਲ ਮੁਲਾਕਾਤ ਪਿੱਛੋਂ ਨਵਜੋਤ ਸਿੱਧੂ ਬਾਗੋ-ਬਾਗ ਹੋਇਆ ਦਿਖਾਈ ਦਿੱਤਾ

*** ਭਗਵੰਤ ਮਾਨ ਵਿੱਚ ਨਾ ਹਉਮੈ ਤੇ ਨਾ ਹੰਕਾਰ : ਸਿੱਧੂ**



ਚੰਡੀਗੜ੍ਹ, 9 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਾਲੇ ਅੱਜ ਚੰਡੀਗੜ੍ਹ ਵਿੱਚ ਕਰੀਬ ਇਕ ਘੰਟਾ ਅਹਿਮ ਮੀਟਿੰਗ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਫੁੱਲਾਂ ਦਾ ਗੁਲਦਸਤਾ ਨਹੀਂ ਲੈ ਕੇ ਆਏ, ਸਿਰਫ਼ ਮੁੱਦਿਆਂਦੀ ਗੱਲ ਕਰਨ ਆਏ ਸਨ।

ਇਸ ਮੀਟਿੰਗ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਭਗਵੰਤ ਮਾਨ ਦੀ ਬਹੁਤ ਤਾਰੀਫ਼ ਕੀਤੀ ਤੇ ਕਿਹਾ ਕਿ ਮੁੱਖ ਮੰਤਰੀ ਮਾਨ ਨੂੰ ਮਿਲ ਕੇ ਬਿਲਕੁਲ ਨਹੀਂ ਲੱਗਾ ਕਿ ਉਹ ਕਿਸੇ ਮੁੱਖ ਮੰਤਰੀ ਨਾਲ ਗੱਲ ਕਰ ਹਨ, ਉਨ੍ਹਾਂ ਵਿੱਚ ਨਾ ਕੋਈ ਹਉਮੈ ਹੈ ਤੇ ਨਾ ਕੋਈ ਹੰਕਾਰ ਹੈ, ਉਹ ਅੱਜ ਵੀ ਉਸੇ ਤਰ੍ਹਾਂ ਹਨ, ਜਿਵੇਂ 10-15 ਸਾਲ ਪਹਿਲਾਂ ਸਨ। ਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਪੰਜਾਬ ਦੇ ਮੁੱਦਿਆਂ ਲਈ ਜਿੰਨਾ ਦਰਦ ਮੈਨੂੰ ਹੈ, ਓਨਾ ਹੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੈ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਪੰਜਾਬ ਦੇ ਮਾਫ਼ੀਆ ਦਾ ਸਮਾਂ ਆ ਗਿਆ ਹੈ, ਜੋ ਦਰਦ ਮੈਂ ਪੰਜਾਬ ਲਈ ਮਹਿਸੂਸ ਕਰਦਾ ਹਾਂ, ਉਹੀ ਦਰਦ ਭਗਵੰਤ ਮਾਨ ਮਹਿਸੂਸ ਕਰਦੇ ਹਨ ਤੇ ਮੈਨੂੰ ਯਕੀਨ ਹੈ ਕਿ ਉਹ ਇਹ ਗੱਲਾਂ ਪੂਰੀਆਂ ਕਰਨਗੇ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਵਿਚੋਂ ਠੇਕੇਦਾਰੀ ਸਿਸਟਮ ਖਤਮ ਕਰਨ ਨੂੰ ਕਿਹਾ ਹੈ, ਕਿਉਂਕਿ ਇਸ ਕਾਰਨ ਪੰਜਾਬ ਬਰਬਾਦ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਠੇਕੇਦਾਰੀ ਖ਼ਤਮ, ਉਸੇ ਦਿਨ ਪਿੱਛੇ ਖੜੋਤੇ ਸਿਆਸੀ ਆਗੂ ਡਿੱਗ ਜਾਣਗੇ।ਸਿੱਧੂ ਨੇ ਕਿਹਾ ਕਿ ਕਾਨੂੰਨ ਐੱਮ ਐੱਲ ਏ ਬਣਾਉਂਦਾ ਹੈ, ਪਰ ਇਥੇ ਕਾਨੂੰਨ ਕੰਪਨੀਆਂ ਬਣਾ ਰਹੀਆਂ ਹਨ। ਲੜਾਈ ਸਿਸਟਮ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸ਼ਰਾਬ, ਰੇਤ, ਪੈਟਰੋਲ ਤੇ ਡੀਜ਼ਲ ਆਦਿ ਉੱਤੇ ਵੈਟ ਨਹੀਂ ਲੱਗਦਾ, ਜੋ ਸਰਾਸਰ ਚੋਰੀ ਹੈ।ਮੁੱਖ ਮੰਤਰੀ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।ਸਿੱਧੂ ਨੇ ਕਿਹਾ ਕਿ ਉਹ ਆਪਣੀ ਸਰਕਾਰ ਵੇਲੇ ਵੀ ਇਹ ਮੁੱਦੇ ਵਾਰ-ਵਾਰ ਉਠਾਉਂਦੇ ਸਨ।

ਵਰਨਣ ਯੋਗ ਹੈ ਕਿ ਇਸ ਮੀਟਿੰਗ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਆਪਣੇ ਧੜੇ ਦੇ ਆਗੂਆਂ ਨਾਲ ਮੀਟਿੰਗ ਕੀਤੀ ਸੀ, ਜਿਸ ਦੀ ਜਾਣਕਾਰੀ ਖੁਦ ਸਿੱਧੂ ਨੇ ਸੋਸ਼ਲ ਮੀਡੀਆ ਉੱਤੇਦਿੱਤੀ ਸੀ।ਮੁੱਖ ਮੰਤਰੀ ਨਾਲ ਨਵਜੋਤ ਸਿੰਘ ਸਿੱਧੂ ਦੀ ਮੁਲਾਕਾਤ ਤੋਂ ਬਾਅਦ ਉਨ੍ਹਾਂ ਦੇ ਖਾਸ ਸਾਥੀ ਅਸ਼ਵਨੀ ਸੇਖੜੀ ਨੇ ਦੱਸਿਆ ਕਿ ਪਿਛਲੇ ਦਿਨੀਂ ਸਿੱਧੂਜਦੋਂ ਪੰਜਾਬ ਦੇ ਮੁੱਦਿਆਂ ਬਾਰੇਗਵਰਨਰ ਨੂੰ ਮਿਲੇ ਤਾਂ ਗਵਰਨਰ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਸੀ ਤੇ ਇਸੇ ਲਈ ਮੁੱਖ ਮੰਤਰੀ ਨੇ ਖੁਦ ਨਵਜੋਤ ਸਿੰਘਸਿੱਧੂ ਨੂੰ ਮੁਲਾਕਾਤ ਲਈ ਬੁਲ-ਾਇਆ ਸੀ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਨਵਜੋਤ ਸਿੰਘਸਿੱਧੂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਬੈਠਕ ਬਾਰੇ ਰਾਏ ਦਿੱਤੀ ਹੈ। ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਮੁੱਕਣਪਿੱਛੋਂਰਾਜਾ ਵੜਿੰਗ ਨੇ ਕਿਹਾ ਕਿ ਕਿਸੇ ਨੂੰ ਵੀ ਕਿਸੇ ਨਾਲ ਬੈਠਕ ਦਾ ਹੱਕ ਹੈ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇ ਕਾਂਗਰਸ ਨੂੰ ਕਮਜ਼ੋਰ ਕਰਨ ਦੀ ਗੱਲ ਕਰੇ ਤਾਂ ਉਸ ਦੇਉੱਤੇ ਕਾਰਵਾਈ ਹੋਵੇਗੀ।

# ਨਸ਼ਿਆਂ ਦਾ ਕਹਿਰ ਠੱਲ੍ਹਣ ਲਈ ਮੁੱਖ ਮੰਤਰੀ ਵੱਲੋਂ ਪੁਲਸ ਨੂੰ ਸਖਤੀ ਦੀ ਹਦਾਇਤ



ਚੰਡੀਗੜ੍ਹ, 9 ਮਈ, (ਪੋਸਟ ਬਿਊਰੋ)- ਪੰਜਾਬ ਵਿੱਚਨਸ਼ੀਲੇ ਪਦਾਰਥਾਂ ਦੇ ਧੰਦੇ ਨੂੰ ਠੱਲ੍ਹ ਪਾਉਣ ਲਈ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਸੀਨੀਅਰ ਪੁਲਿਸ ਅਫਸਰਾਂ ਨਾਲ ਬੈਠਕ ਵਿੱਚ ਉਨ੍ਹਾਂ ਨੂੰ ਬਿਨਾਂ ਕਿਸੇ ਦਬਾਅ ਤੋਂ ਹਰ ਦੋਸ਼ੀਦੇ ਖਿਲਾਫ ਸਖ਼ਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।ਉਨ੍ਹਾ ਕਿਹਾ ਕਿ ਨੌਜਵਾਨ ਪੀੜਤ ਹਨ, ਦੋਸ਼ੀ ਨਹੀਂ, ਨਸ਼ਿਆਂ ਦੀ ਚੇਨ ਤੋੜਨ ਲਈ ਪਹਿਲਾਂ ਨਸ਼ਾ ਵੇਚਣ ਵਾਲਿਆਂ ਨੂੰ ਫੜਾਂਗੇ ਅਤੇ ਫਿਰ ਨੌਜਵਾਨਾਂ ਦਾ ਮੁੜ ਵਸੇਬਾ ਕਰਾਵਾਂਗੇ।

ਵਰਨਣ ਯੋਗ ਹੈ ਕਿ ਪੰਜਾਬ ਵਿੱਚਨਸ਼ੀਲੇ ਪਦਾਰਥਾਂ ਦੇ ਵਹਿਣ ਕਾਰਨ ਨੌਜਵਾਨ ਮੌਤ ਦੇ ਮੂੰਹ ਜਾ ਰਹੇ ਹਨ ਅਤੇ ਰਾਜ ਸਰਕਾਰ ਉੱਤੇਇਸ ਬਾਰੇ ਸਖ਼ਤੀ ਵਰਤਣ ਦਾ ਦਬਾਅ ਲਗਾਤਾਰ ਵਧ ਰਿਹਾ ਸੀ।ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਸ ਦੇ ਸੀਨੀਅਰ ਅਫਸਰਾਂ ਨੂੰ ਤਲਬ ਕੀਤਾ ਅਤੇ ਨਸ਼ਿਆਂ ਦੇ ਮਾਮਲੇ ਵਿੱਚ ਬਿਨਾਂ ਕਿਸੇ ਦਬਾਅ ਦੇ ਸਖ਼ਤੀ ਦੇ ਆਦੇਸ਼ ਦਿੱਤੇ।ਉਨ੍ਹਾਂ ਦੀ ਇਸ ਮੀਟਿੰਗ ਮਗਰੋਂਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ:'ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇਤੋਂ ਬਚਾਉਣਾ ਸਭ ਤੋਂ ਜ਼ਰੂਰੀ ਹੈ। ਪੰਜਾਬ ਵਿੱਚ ਇਮਾਨਦਾਰ ਸਰਕਾਰ ਹੈ। ਨਸ਼ੇ ਦੇ ਵਪਾਰੀਆਂ ਨੂੰ ਕੋਈ ਸ਼ਹਿ ਨਹੀਂ ਮਿਲੇਗੀ। ਉਨ੍ਹਾਂਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਆਮ ਆਦਮੀ ਪਾਰਟੀ ਪੂਰੀ ਸ਼ਿੱਦਤ ਨਾਲ ਪੰਜਾਬ ਦੇ ਲੋਕਾਂ ਨਾਲ ਮਿਲ ਕੇ ਇਸ ਉਲਝਣ ਦਾ ਹੱਲ ਕਰੇਗੀ।'

ਦੂਸਰੇ ਪਾਸੇ ਇਸ ਕੰਮ ਵਿੱਚ ਲੋਕਾਂ ਦੀ ਭਾਈਵਾਲੀ ਵੀ ਵਧਦੀ ਜਾ ਰਹੀ ਹੈ। ਕਈ ਥਾਂਈਂ ਆਮ ਲੋਕਾਂ ਨੇ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਨੰ ਫੜਿਆ ਅਤੇ ਪੁਲਸ ਦੇ ਹਵਾਲੇ ਕੀਤਾ ਹੈ। ਅੱਜ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਅਗਵਾਈ ਹੇਠ ਲੋਕਾਂ ਨੇ ਨਸ਼ੀਲੇ ਪਦਾਰਥ ਵੇਚਣ ਵਾਲਿਆਂਅਤੇ ਕੁਝ ਖਰੀਦਣ ਵਾਲਿਆਂ ਨੂੰ ਫੜ ਕੇ ਪੁਲਸ ਨੂੰ ਸੌਂਪਿਆ ਹੈ। ਫੜੇ ਗਏ ਲੋਕਾਂ ਵਿੱਚ ਕੁਝ ਪੁਲਸ ਮੁਲਾਜ਼ਮ ਵੀ ਸਨ, ਜੋ ਨਸ਼ਾ ਖਰੀਦਣ ਆਏ ਸਨ।

# ਪੰਜਾਬ ਪੁਲਿਸ ਖ਼ਿਲਾਫ਼ ਰਾਜਸਥਾਨ ਵਿੱਚ ਵੀ ਅਗਵਾ ਦਾ ਕੇਸ ਦਰਜ

*** ਡੀ ਐੱਸ ਪੀ ਅਤੇ ਇੰਸਪੈਕਟਰ ਸਮੇਤ 15 ਮੁਲਾਜ਼ਮ ਨਾਮਜ਼ਦ**

ਹੁਸ਼ਿਆਰਪੁਰ, 9 ਮਈ, (ਪੋਸਟ ਬਿਊਰੋ)- ਦਿੱਲੀ ਤੋਂ ਬਾਅਦ ਪੰਜਾਬ ਪੁਲਿਸ ਖ਼ਿਲਾਫ਼ ਰਾਜਸਥਾਨ ਵਿੱਚ ਵੀ ਅਗਵਾ ਦਾ ਕੇਸ ਦਰਜ ਹੋ ਗਿਆ ਹੈ। ਰਾਜਸਥਾਨ ਪੁਲਿਸ ਨੇ ਪੰਜਾਬ ਪੁਲਿਸ ਦੇ ਇੱਕ ਡੀਐੱਸਪੀ ਅਤੇ ਇੰਸਪੈਕਟਰ ਸਮੇਤ 15 ਮੁਲਾਜ਼ਮਾਂ ਨੂੰ ਨਾਮਜ਼ਦ ਕੀਤਾ ਹੈ। ਇਹ ਕੇਸ ਰਾਜਸਥਾਨ ਹਾਈ ਕੋਰਟ ਦੇ ਆਦੇਸ਼ ਉੱਤੇ ਦਰਜ ਹੋਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ ਬੀਤੇ ਮਾਰਚ ਵਿੱਚ ਰਾਜਸਥਾਨ ਦੇ ਪਿੰਡ ਸਲਾਵਰਪੁਰ,ਥਾਣਾ ਟੇਰਾ ਦੇ ਹਰਨੂਰ ਸਿੰਘ ਨੂੰ 10 ਕਿੱਲੋ ਅਫੀਮ ਨਾਲ ਫੜਨ ਦਾ ਕੇਸ ਦਰਜ ਕੀਤਾ ਸੀ। ਉਸ ਦੇ ਪਰਿਵਾਰ ਨੇ ਹਾਈ ਕੋਰਟ ਵਿੱਚਅਰਜ਼ੀ ਦਾਇਰ ਕਰ ਕੇ ਦੋਸ਼ ਲਾਇਆ ਕਿ ਪੰਜਾਬ ਪੁਲਿਸ ਹਰਨੂਰ ਨੂੰ ਘਰੋਂ ਚੁੱਕ ਕੇ ਲੈ ਗਈ ਤੇ ਪੰਜਾਬਦੇ ਇਕ ਨਾਕੇ ਤੋਂ ਉਸ ਦੀ ਗ੍ਰਿਫ਼ਤਾਰੀ ਦਿਖਾ ਕੇ ਅਫੀਮ ਤਸਕਰੀ ਦਾ ਦੋਸ਼ੀਬਣਾਦਿੱਤਾ। ਪਰਿਵਾਰ ਨੇ ਹਾਈ ਕੋਰਟ ਵਿੱਚ ਉਸ ਨੂੰ ਘਰੋਂ ਲਿਜਾਂਦੇ ਸਮੇਂ ਦੇ ਸੀਸੀਟੀਵੀ ਫੁਟੇਜ ਦਿਖਾਏ ਤਾਂ ਕੋਰਟ ਨੇ ਇਸ ਦਾ ਰਾਜਸਥਾਨ ਪੁਲਿਸ ਨੂੰ 15 ਪੁਲਿਸ ਮੁਲਾਜ਼ਮਾਂ ਉੱਤੇ ਕੇਸ ਦਰਜ ਕਰਨ ਨੂੰ ਕਿਹਾ ਸੀ। ਇਸ ਪਿੱਛੋਂਰਾਜਸਥਾਨ ਪੁਲਿਸ ਨੇ ਛੇ ਮਈ ਨੂੰ ਪੰਜਾਬ ਪੁਲਿਸ ਦੇ ਡੀਐੱਸਪੀ ਪ੍ਰੇਮ ਸਿੰਘ, ਸੀਆਈਏ ਦੇ ਇੰਚਾਰਜ ਇੰਸਪੈਕਟਰ ਲਖਬੀਰ ਸਿੰਘ ਅਤੇ ਲਾਲ ਸਿੰਘ, ਗੁਰਨਾਮ ਸਿੰਘ, ਮਹੇਸ਼ ਸ਼ੰਕਰ, ਆਰਤੀ, ਬੂਟਾ ਸਿੰਘ, ਸੁਖਦੇਵ ਸਿੰਘ, ਸੁਮਿਤ ਕੁਮਾਰ, ਗੁਰਪ੍ਰੀਤ ਸਿੰਘ, ਤ੍ਰਿਲੋਕ ਸਿੰਘ, ਰਮਨ ਕੁਮਾਰ, ਜਸਪ੍ਰੀਤ ਸਿੰਘ ਤੇ ਅਣਪਛਾਤੇ ਆਦਮੀ ਵਿਰੁੱਧ ਅਗਵਾ ਸਮੇਤ ਕਈ ਹੋਰ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਪੰਜਾਬ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਪਿੰਡ ਚੱਕ ਸਾਧੂ ਵਿੱਚ ਲਾਏ ਨਾਕੇ ਉੱਤੇ ਰਾਜਸਥਾਨ ਦੇ ਥਾਣਾ ਟੇਰਾ ਦੇ ਪਿੰਡ ਸਲਾਵਪੁਰ ਦੇ ਹਰਨੂਰ ਸਿੰਘ ਨੂੰ 10 ਕਿੱਲੋ ਅਫੀਮ ਨਾਲ ਗ੍ਰਿਫ਼ਤਾਰ ਕੀਤਾ ਤੇ ਉਸ ਉੱਤੇ ਨੌਂ ਮਾਰਚ 2022 ਨੂੰ ਸਦਰ ਥਾਣਾਹੁਸ਼ਿਆਰਪੁਰ ਵਿੱਚ ਕੇਸ ਦਰਜ ਕੀਤਾ ਹੈ। ਪੁਲਿਸ ਨੇ ਕਿਹਾ ਸੀ ਕਿ ਹਰਨੂਰ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਅਫੀਮ ਸਪਲਾਈ ਕਰਦਾ ਹੈ। ਇਸ ਦੇ ਉਲਟ ਹਰਨੂਰ ਦੇ ਪਰਿਵਾਰ ਨੇ ਰਾਜਸਥਾਨ ਹਾਈ ਕੋਰਟ ਵਿੱਚਅਰਜ਼ੀ ਦੇ ਕੇ ਕਿਹਾ ਕਿ ਹਰਨੂਰ ਉੱਤੇ ਝੂਠਾ ਕੇਸ ਦਰਜ ਕੀਤਾ ਗਿਆ ਹੈ, ਉਸ ਨੂੰ ਕਿਸੇ ਨਾਕੇ ਤੋਂ ਨਹੀਂ ਫੜਿਆ, ਪੁਲਿਸ ਉਸ ਨੂੰ ਘਰੋਂ ਚੁੱਕ ਕੇ ਲੈ ਗਈ ਸੀ। ਕੋਰਟ ਨੇ ਸੁਣਵਾਈ ਪਿੱਛੋਂ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੇ ਖਿਲਾਫ਼ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਸਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਮਾਲ ਮੰਤਰੀ ਜਿੰਪਾ ਨਾਲ ਹੋਈ ਬੈਠਕ ਪਿੱਛੋਂ ਪਟਵਾਰੀਆਂ ਦੀ ਹੜਤਾਲ ਖ਼ਤਮ



ਪਟਿਆਲਾ, 9 ਮਈ, (ਪੋਸਟ ਬਿਊਰੋ)- ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧ ਮੰਤਰੀ ਬ੍ਰਹਮ ਸ਼ੰਕਰ ਸ਼ਰਮਾ ਜਿੰਪਾ ਨੇ ਰੈਵੇਨਿਊ ਪਟਵਾਰ ਯੂਨੀਅਨ, ਪੰਜਾਬ ਤੇ ਰੈਵੀਨਿਊ ਕਾਨੂੰਨਗੋ ਐਸੋਸੀਏਸ਼ਨ ਪੰਜਾਬ ਦੇ ਵਫ਼ਦ ਨਾਲ ਮੀਟਿੰਗ ਕਰਕੇ ਪੰਜਾਬ ਵਿੱਚਚੱਲਦੀ ਪਟਵਾਰੀਆਂ ਦੀ ਹੜਤਾਲਖ਼ਤਮ ਕਰਾਈ ਹੈ। ਪਟਵਾਰ ਯੂਨੀਅਨ ਦੇ ਆਗੂਆਂ ਨੇ ਹੜਤਾਲ ਛੱਡਣ ਦਾ ਐਲਾਨ ਸੋਮਵਾਰ ਸ਼ਾਮ ਪਟਿਆਲਾ ਦੇ ਸਰਕਟ ਹਾਊਸ ਵਿਖੇ ਮੰਤਰੀ ਦੀ ਹਾਜ਼ਰੀ ਵਿੱਚ ਕੀਤਾ।

ਇਸ ਤੋਂ ਪਹਿਲਾਂਮਾਲ ਮੰਤਰੀ ਨੇਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਹੇਠ ਪਟਵਾਰ ਯੂਨੀਅਨ ਦੇਆਗੂਆਂ ਨਾਲ ਮੀਟਿੰਗ ਕੀਤੀ।ਯੂਨੀਅਨਆਗੂਆਂ ਦੀ ਮਾਲ ਮੰਤਰੀ ਨਾਲ ਇਹ ਮੀਟਿੰਗ ਕਰਵਾਉਣ ਵਿੱਚ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਹਰਮੀਤ ਸਿੰਘ ਪਠਾਣਮਾਜਰਾ, ਗੁਰਲਾਲ ਘਨੌਰ ਤੇ ਆਮ ਆਦਮੀ ਪਾਰਟੀ ਦੇ ਸੂਬਾ ਸੈਕਟਰੀ ਗਗਨਦੀਪ ਚੱਢਾ ਦਾ ਵਿਸ਼ੇਸ਼ ਵਿਸ਼ੇਸ਼ ਯੋਗਦਾਨ ਸੀ।ਮਾਲ ਮੰਤਰੀ ਨੇ ਪਟਵਾਰ ਯੂਨੀਅਨਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੂਨੀਅਨ ਨੇ ਲੋਕਹਿੱਤ ਬਾਰੇ ਸੋਚ ਕੇ ਹੜਤਾਲ ਵਾਪਸ ਲਈ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਨਾਲ ਸਦਭਾਵਨਾ ਦੇ ਮਾਹੌਲ ਵਿੱਚ ਹੋਈ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਮਾਲੇਰਕੋਟਲਾ ਜ਼ਿਲ੍ਹੇ ਦੇ ਪਟਵਾਰੀ ਦੀਦਾਰ ਸਿੰਘਵਿਰੁੱਧ ਵਿਜੀਲੈਂਸ ਕੇਸ ਵਿੱਚ ਜਾਂਚ ਅਧਿਕਾਰੀ ਤਬਦੀਲ ਕੀਤਾ ਜਾਵੇਗਾ ਅਤੇ ਪਟਵਾਰੀਆਂ ਦੀਆਂ ਬਾਕੀ ਜਾਇਜ਼ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਪੜਾਅਵਾਰ ਢੰਗ ਨਾਲ ਬਹੁਤ ਜਲਦੀ ਮੰਨ ਲਿਆ ਜਾਵੇਗਾ।

ਰੈਵੇਨਿਊ ਪਟਵਾਰ ਯੂਨੀਅਨ ਦੇ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਨੇ ਕਿਹਾ ਕਿ ਲੋਕ ਹਿੱਤਾਂ ਲਈ ਜਿਹੜੇ ਪਟਵਾਰ ਸਰਕਲਾਂ ਦਾ ਉਨ੍ਹਾਂ ਕੋਲ ਵਾਧੂ ਚਾਰਜ ਹੈ, ਉਹ ਲੋਕਾਂ ਦੇ ਕੰਮਾਂ ਲਈ ਖੁੱਲ੍ਹ ਜਾਣਗੇ। ਮੋਹਨ ਸਿੰਘ ਭੇਡਪੁਰਾ ਨੇ ਕਿਹਾ ਕਿ ਮਾਲ ਮੰਤਰੀ ਨੇ ਸਦਭਾਵਨਾ ਦੇ ਮਾਹੌਲ ਵਿੱਚ ਉਨ੍ਹਾਂ ਦੀ ਗੱਲ ਸੁਣੀ ਹੈ, ਜਿਸ ਲਈ ਉਹ ਮੁੱਖ ਮੰਤਰੀ ਭਗਵੰਤ ਮਾਨ ਅਤੇ ਮਾਲ ਮੰਤਰੀ ਦਾ ਧੰਨਵਾਦ ਕਰਦੇ ਹਨ। ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਪਟਵਾਰੀਆਂ ਦੀਆਂ ਮੰਗਾਂ ਮੰਨਣਦੀ ਦੇਰੀ ਬਾਰੇ ਕਿਹਾ ਕਿ ਪਿਛਲੀਆਂ ਸਰਕਾਰਾਂ ਦਾ ਗੁੱਸਾ ਪਟਵਾਰੀ ਉਨ੍ਹਾਂ ਉੱਤੇ ਨਹੀਂ ਕੱਢ ਸਕਦੇ, ਮੌਜੂਦਾ ਸਰਕਾਰ ਦੀ ਪਟਵਾਰੀਆਂ ਨਾਲ ਹਮਦਰਦੀ ਹੈ, ਉਨ੍ਹਾਂ ਦੀ ਕੋਈ ਵੀ ਮੰਗ ਬਕਾਇਆ ਨਹੀਂ ਰਹੇਗੀ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਪੈਟਰੋਲ ਪੰਪ ਮੈਨੇਜਰ ਤੋਂ ਲੁੱਟ ਦਾ ਮਾਮਲਾ: ਲੁਟੇਰਿਆਂ ਦੀ ਨਿਸ਼ਾਨਦੇਹੀ ਉੱਤੇ 50 ਹਜ਼ਾਰ ਰੁਪਏ ਹੋਰ ਬਰਾਮਦ

ਜਲੰਧਰ, 9 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਮਕਸੂਦਾਂ ਥਾਣੇ ਤੋਂਥੋੜ੍ਹੀ ਦੂਰ ਪੈਟਰੋਲ ਪੰਪ ਦੀ ਲੁੱਟ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਦੋਵਾਂ ਦੋਸ਼ੀਆਂ ਤੋਂ ਪੁੱਛਗਿੱਛ ਮਗਰੋਂ ਪੁਲਸ ਨੇ ਉਨ੍ਹਾ ਦੀ ਨਿਸ਼ਾਨਦੇਹੀ ਉੱਤੇ ਲੁੱਟ ਦੀ ਰਾਸ਼ੀ ਵਿੱਚੋਂ 50 ਹਜ਼ਾਰ ਰੁਪਏ ਹੋਰ ਬਰਾਮਦ ਕੀਤੇ ਹਨ। ਪਹਿਲਾਂ ਵੀ ਦੋਨਾਂ ਦੋਸ਼ੀਆਂ ਖ਼ਿਲਾਫ਼ ਲੁੱਟ ਦੇ ਕੇਸ ਦਰਜ ਹਨ।

ਜਾਂਚ ਵਿੱਚ ਇਹ ਗੱਲ ਪਤਾ ਲੱਗੀ ਕਿ ਲੁੱਟ ਦੀ ਵਾਰਦਾਤ ਪਿੱਛੋਂ ਦੋਸ਼ੀ ਮਕਸੂਦਾਂ ਸਬਜ਼ੀ ਮੰਡੀ ਅਤੇ ਸਰਾਏਖਾਸ ਹੁੰਦੇ ਹੋਏ ਕਰਤਾਰਪੁਰ ਪਹੁੰਚੇ ਸਨ। ਦੋਸ਼ੀਆਂਦੀ ਕਰਤਾਰਪੁਰ ਦੇ ਰੇਲਵੇ ਫਾਟਕ ਦੇ ਨਜ਼ਦੀਕ ਤੋਂ ਮਿਲੀ ਸੀ ਸੀ ਟੀ ਵੀ ਫੁਟੇਜ ਅਤੇ ਆਮ ਲੋਕਾਂ ਤੋਂ ਦੋਨਾਂ ਦੋਸ਼ੀਆਂ ਦੇ ਬਾਰੇ ਇਨਪੁੱਟ ਮਿਲੇ। ਇਥੋਂ ਤਕ ਕਿ ਇੱਕ ਦੋਸ਼ੀ ਦਾ ਮੋਬਾਈਲ ਨੰਬਰ ਵੀ ਮਿਲਿਆ, ਜਿਸਦੀ ਲੋਕੇਸ਼ਨ ਉਸਦੇ ਘਰ ਦੀ ਆ ਰਹੀ ਸੀ। ਉਸ ਪਿੱਛੋਂ ਪੁਲਸ ਨੇ ਦੋਨਾਂ ਨੂੰ ਫੜ ਲਿਆ। ਦੋਸ਼ੀਆਂ ਨੇ ਲੁੱਟੇ ਗਏ 3,22,200 ਰੁਪਏ ਵਿੱਚੋਂ ਡੇਢ ਲੱਖ ਆਪਣੇ ਬੈਂਕ ਖਾਤੇ ਵਿੱਚ ਜਮ੍ਹਾ ਕੀਤੇ ਸਨ।ਉਨ੍ਹਾਂ ਦੇ ਘਰੋਂ 96 ਹਜ਼ਾਰ ਮਿਲ ਗਏ, ਪਰ ਕੱਲ੍ਹ ਬਰਾਮਦ ਹੋਏ 50 ਹਜ਼ਾਰ ਦੇ ਇਲਾਵਾ ਉਨ੍ਹਾਂ ਦੇ ਖਾਤੇ ਵਿੱਚ ਇੱਕ ਲੱਖ ਕੈਸ਼ ਹੈ। ਜਲਦ ਹੀ ਪੁਲਸ ਉਸ ਕੈਸ਼ ਨੂੰ ਵੀ ਜ਼ਬਤ ਕਰੇਗੀ। ਛੇਤੇ ਰਹੇ ਕਿ ਐਕਟਿਵਾ ਉੱਤੇ ਆਏ ਦੋ ਲੁਟੇਰਿਆਂ ਨੇ ਪੈਟਰੋਲ ਪੰਪ ਦੇ ਮੈਨੇਜਰ ਤੋਂ ਮਕਸੂਦਾਂ ਥਾਣੇ ਦੇ ਨਜ਼ਦੀਕ ਬੈਂਕ ਵਿੱਚ ਜਾਂਦੇ ਹੋਏ ਪੈਸਿਆਂ ਦਾ ਬੈਗ ਖੋਹ ਲਿਆ ਸੀ।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਸਤਿਕਾਰ ਤੋਂ ਸੱਖਣੇ ਰਿਸ਼ਤੇ

ਇਨਸਾਨ ਦੇ ਜਨਮ ਲੈਣ ਨਾਲ ਹੀ ਕਈ ਰਿਸ਼ਤੇ ਉਸਦੇ ਨਾਲ ਹੀ ਜਨਮ ਲੈ ਲੈਂਦੇ ਹਨ। ਇਿਹਨਾਂ ਰਿਸ਼ਤਿਆਂ ਕਰਕੇ ਹੀ ਦੁਨੀਆਂ ਹਸੀਨ ਹੈ ਤੇ ਇਹਨਾਂ ਰਿਸ਼ਤਿਆਂ ਦੇ ਕਰਕੇ ਹੀ ਮਨੁੱਖ ਸਾਰੇ ਕਾਰ ਵਿਹਾਰ ਦੇ ਚੱਕਰ ਵਿੱਚ ਰੁੱਝਿਆ ਰਹਿੰਦਾ ਹੈ। ਇਹਨਾਂ ਰਿਸ਼ਤਿਆਂ ਦੀ ਮੌਜੂਦਗੀ ਹੀ ਮਨੁੱਖ ਨੂੰ ਮਾਨ ਅਪਮਾਨ ਦਾ ਅਹਿਸਾਸ ਕਰਵਾਉਂਦੀ ਹੈ ਇਹਨਾਂ ਸਾਰੇ ਨਾਤਿਆਂ ਕਰਕੇ ਹੀ ਮਨੁੱਖ ਕੋਸ਼ਿਸ਼ ਕਰਦਾ ਹੈ ਕਿ ਇੱਕ ਚੰਗਾ ਕਿਰਦਾਰ ਘੜ ਸਕੇ , ਤਾਂ ਜੋ ਉਸਦੇ ਰਿਸ਼ਤੇ ਨਾਤਿਆਂ ਵਿੱਚ ਉਸਦੀ ਚੰਗੀ ਸੋਭਾ ਹੋ ਕੇ। ਇਹ ਰਿਸ਼ਤੇ ਹੀ ਤਾਂ ਹਨ ਜਿਹੜੇ ਦੁੱਖ ਵਿੱਚ ਸਿਹਕਦੇ ਦਿਲਾਂ ਨੂੰ ਧਰਵਾਸ ਦਿੰਦੇ ਹਨ ਤੇ ਖੁਸ਼ੀਆਂ ਵੇਲੇ ਦਿਲਾਂ ਨੂੰ ਖੇੜਾ ਤੇ ਸਕੂਨ ਦਿੰਦੇ ਹਨ । ਇਸ ਵਿੱਚ ਵੀ ਕੋਈ ਦੋਰਾਇ ਨਹੀਂ ਕਿ ਮਨੁੱਖ ਦੀ ਹੋਂਦ ਹੀ ਇਹਨਾਂ ਰਿਸ਼ਤਿਆਂ ਕਰਕੇ ਹੈ।

ਆਪਣੇ ਜੀਵਨ ਕਾਲ ਦੌਰਾਨ ਮਨੁੱਖ ਕਈ ਤਰ੍ਹਾਂ ਦੇ ਰਿਸ਼ਤਿਆਂ ਵਿੱਚ ਬੱਝਦਾ ਹੈ, ਜਿੰਨਾਂ ਵਿੱਚ ਖੂਨ ਦੇ ਰਿਸ਼ਤੇ ਜਿਵੇਂ ਕਿ ਮਾਂ ਬਾਪ, ਭੈਣ ਭਾਈ ਆਦਿ, ਪਰਿਵਾਰਕ ਰਿਸ਼ਤੇ ਜਿਵੇਂ ਕਿ ਤਾਏ ਚਾਚੇ, ਮਾਮੇ ਮਾਸੀਆਂ, ਭੂਆਂ ਫੁੱਫੜ ਆਦਿ, ਕੁਝ ਰਿਸ਼ਤੇ ਭਾਵਨਾਤਮਕ ਰਿਸ਼ਤੇ ਹੁੰਦੇ ਹਨ, ਜਿੰਨਾ ਨਾਲ ਮਨੁੱਖ ਦੋਸਤਾਂ ਦੇ ਰੂਪ ਵਿੱਚ ਜੁੜਦਾ ਹੈ ਅਤੇ ਕੁਝ ਰਿਸ਼ਤੇ ਵਿਆਹ ਤੋਂ ਬਾਅਦ ਜੁੜਦੇ ਹਨ। ਇਹਨਾਂ ਸਾਰੇ ਰਿਸ਼ਤਿਆਂ ਦੀ ਸਾਡੀ ਜ਼ਿੰਦਗੀ ਵਿੱਚ ਆਪਣੀ ਆਪਣੀ ਖਾਸ ਜਗ੍ਹਾ ਹੈ, ਇਹ ਰਿਸ਼ਤੇ ਆਪਣੀ ਆਪਣੀ ਖਾਸ ਭੂਮਿਕਾ ਨਿਭਾਉਂਦੇ ਹਨ। ਕਿਸੇ ਰੁੱਖ ਦੇ ਵੱਧਣ ਫੁੱਲਣ ਲਈ ਜਿਵੇਂ ਉਸਨੂੰ ਲੋੜੀਂਦੇ ਪਾਣੀ, ਹਵਾ, ਰੌਸ਼ਨੀ ਤੇ ਸਾਂਭ ਸੰਭਾਲ ਦੀ ਜਰੂਰਤ ਹੁੰਦੀ ਹੈ, ਉਸੇ ਤਰ੍ਹਾਂ ਰਿਸ਼ਤਿਆਂ ਦੀਆਂ ਵੀ ਵੱਧਣ ਫੁੱਲਣ ਤੇ ਮਜ਼ਬੂਤੀ ਲਈ ਕੁਝ ਜਰੂਰਤਾਂ ਹੁੰਦੀਆਂ ਹਨ, ਜਿੰਨਾ ਵਿੱਚ ਰਿਸ਼ਤਿਆਂ ਵਿੱਚ ਇੱਕ ਦੂਸਰੇ ਦਾ ਸਤਿਕਾਰ, ਵਿਸ਼ਵਾਸ, ਪਿਆਰ, ਅਪਣੱਤਾਂ ਦੀਆਂ ਬੁਛਾੜਾਂ, ਸਹਿਕਦੇ ਦਿਲਾਂ ਨੂੰ ਧਰਵਾਸ ਦੇਣ ਲਈ ਆਪਣਿਆਂ ਦਾ ਹੌਂਸਲਾ, ਵਿਲਕਦੇ ਹਿਰਦਿਆਂ ਨੂੰ ਠਾਰਨ ਵਾਲੀ ਆਪਣਿਆਂ ਦੀ ਗਲਵੱਕੜੀ ਆਦਿ ਬਹੁਤ ਅਹਿਮ ਹਨ।

ਸਾਨੂੰ ਜੀਵਨ ਜਿਊਣ ਲਈ ਮਿ- ਲਆ ਹੈ, ਪਰ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਸਭ ਭੌਤਿਕਵਾਦੀ ਸੁੱਖ ਅਰਾਮ ਹੋਣ ਦੇ ਬਾਵਜੂਦ ਵੀ ਚਿਹਰਿਆਂ ਤੋਂ ਰਵਾਨਗੀ ਨਹੀਂ ਹੁੰਦੀ, ਕਿਉਂਕਿ ਘਰਾਂ ਵਿੱਚ ਸੁੱਖ ਨਹੀਂ, ਆਪਣਿਆਂ ਦਾ ਪਿਆਰ ਨਹੀਂ, ਇੱਕ ਦੂਸਰੇ ਦਾ ਸਤਿਕਾਰ ਨਹੀਂ। ਜਿਸ ਕਾਰਣ ਲੋਕ ਜੀਵਨ ਨੂੰ ਬੋਝ ਸਮਝੀ ਬੈਠੇ ਹਨ। ਅਸਲ ਵਿੱਚ ਮੁੱਖ ਮੁੱਦਾ ਇਹ ਹੈ ਕਿ ਅਸੀਂ ਰਿਸ਼ਤਿਆਂ ਦਾ ਸਤਿਕਾਰ ਕਰਨਾ ਭੁੱਲ ਚੁੱਕੇ ਹਾਂ। ਰਿਸ਼ਤਾ ਕੋਈ ਵੀ ਹੋਵੇ ਉਸ ਵਿੱਚ ਸਤਿਕਾਰ ਹੋਣਾ ਬਹੁਤ ਜਰੂਰੀ ਹੈ, ਨਿੱਕਾ ਹੋਵੇ ਜਾਂ ਵੱਡਾ, ਹਰ ਇੱਕ ਦੀ ਹੋਂਦ ਦਾ ਸਤਿਕਾਰਿਆ ਜਾਣਾ ਅਹਿਮ ਹੈ। ਅੱਜ ਸਤਿਕਾਰਾਂ ਤੋਂ ਸੱਖਣੇ ਰਿਸ਼ਤੇ ਹੌਲੀ ਹੌਲੀ ਪਿਆਰਾਂ ਤੋਂ ਵੀ ਸੱਖਣੇ ਹੋਈ ਜਾ ਰਹੇ ਹਨ। ਰਿਸ਼ਤਿਆਂ ਦੀ ਕਦਰ ਘੱਟ ਰਹੀ ਹੈ, ਜ਼ਜ਼ਬਾਤਾਂ ਨਾਲ ਖਿਲਵਾੜ ਹੋ ਰਹੇ ਹਨ ਤੇ ਘਰ ਪਰਿਵਾਰ ਖੇਰੂੰ ਖੇਰੂੰ ਹੋ ਰਹੇ ਹਨ।

ਮੈਨੂੰ ਅੱਜ ਵੀ ਯਾਦ ਹੈ ਕਿ ਪਹਿਲੇ ਸਮਿਆਂ ਵਿੱਚ ਵਿਹੜੇ ਵਿੱਚ ਪਲੰਘ ਵਿਛਾਅ ਬੈਠੇ ਦਾਦੇ ਬਾਬਿਆਂ ਘਰ ਦੇ ਛੋਟੇ ਬੱਚਿਆਂ ਨੂੰ ਆਲੇ ਦੁਆਲੇ ਬਿਠਾ ਮਗਰ ਮਗਰ ਬੋਲਣ ਲਈ ਕਹਿਣਾ " ਜੀ ਕਹੋ ਜੀ ਕਹਾਉ" ਵੱਡਿਆਂ ਦਾ ਸਤਿਕਾਰ ਕਰੋ ਛੋਟਿਆਂ ਨਾਲ ਪਿਆਰ ਕਰੋ" ਅਜਿਹੀਆਂ ਹੋਰ ਬਹੁਤ ਸਾਰੀਆਂ ਨਿੱਕੀਆਂ ਨਿੱਕੀਆਂ ਪਰ ਕੀਮਤੀਂ ਗੱਲਾਂ ਬਚਪਨ ਤੋਂ ਸਮਝਾਈਆਂ ਤੇ ਸਿਖਾਈਆਂ ਜਾਂਦੀਆਂ ਸਨ, ਪਰ ਹੁਣ ਨਾ ਤਾਂ ਉਹ ਵੇਲੇ ਹਨ ਅਤੇ ਨਾਂ ਹੀ ਕੋਈ ਦਾਦੇ ਬਾਬਿਆਂ ਕੋਲ ਬੈਠਣ ਲਈ ਰਾਜ਼ੀ ਹੈ।

ਬਹੁਤ ਸਾਰੇ ਰਿਸ਼ਤੇ ਇਸ ਲਈ ਬੇਸੁਰੇ ਹੋ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਨਾ ਤਾਂ ਬਣਦਾ ਪਿਆਰ ਮਿਲਦਾ ਹੈ, ਨਾ ਸਤਿਕਾਰ ਅਤੇ ਨਾ ਹੀ ਸਮਾਂ ਜਿਸ ਕਾਰਨ ਹੌਲੀ ਹੌਲੀ ਰਿਸ਼ਤੇ ਮਿਠਾਸ ਹੀਣ ਹੋ ਜਾਂਦੇ ਹਨ ਅਤੇ ਲੋਕ ਸਿਰਫ਼ ਦੁਨੀਆਦਾਰੀ ਦੇ ਮੂੰਹ ਨੂੰ ਉਹਨਾਂ ਦਾ ਬੋਝ ਢਾਹੁੰਦੇ ਰਹਿੰਦੇ ਹਨ। ਬਹੁਤ ਸਾਰੇ ਜਗ੍ਹਾ ਤੇ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਕਈ ਲੋਕ ਬਾਹਰਲੇ ਜਾਂ ਅਣਜਾਣ ਲੋਕਾਂ ਨਾਲ ਬਹੁਤ ਖੁਸ਼ੀ ਖੁਸ਼ੀ ਜਾਂ ਸਤਿਕਾਰ ਨਾਲ ਪੇਸ਼ ਆਉਂਦੇ ਹਨ ਪਰ ਘਰ ਪਰਿਵਾਰ ਤੇ ਆਪਣਿਆਂ ਪ੍ਰਤੀ ਉਹਨਾਂ ਦਾ ਰਵੱਈਆ ਬਿਲਕੁੱਲ ਵੱਖਰਾ ਹੁੰਦਾ ਹੈ, ਜੋ ਅਕਸਰ ਪਰਿਵਾਰ ਵਿੱਚ ਵੱਡੀਆਂ ਤਰੇੜਾਂ ਪਾ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਰਿਸ਼ਤਿਆਂ ਵਿੱਚ ਤਾਜ਼ਗੀ ਕਿਵੇਂ ਬਰਕਰਾਰ ਰੱਖੀਏ। ਇੱਕ ਗੱਲ ਸਾਨੂੰ ਸਾਰਿਆਂ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਿੱਥੇ ਆਪਣਿਆਂ ਖੜ੍ਹ ਜਾਣਾ ਹੈ ਜਾਂ ਸਹਾਈ ਹੋਣਾ ਉੱਥੇ ਕੋਈ ਦੂਸਰਾ ਜਾਂ ਬੇਗਾਨਾ ਨਹੀਂ ਆ ਸਕਦਾ, ਇਸ ਲਈ ਸਭ ਤੋਂ ਪਹਿਲਾਂ ਜਰੂਰੀ ਹੈ ਕਿ ਆਪਣਿਆਂ ਦੀ ਅਹਿਮੀਅਤ ਨੂੰ ਸਮਝਣਾ, ਦੂਸਰਾ ਆਪਣਿਆਂ ਨੂੰ ਹਰ ਸਥਿਤੀ ਵਿੱਚ ਸਤਿਕਾਰ ਦੇਣਾ, ਉਹਨਾਂ ਦੀ ਹੋਂਦ ਦੇ ਅਹਿਮ ਨੂੰ ਸਮਝਣਾ, ਉਹਨਾਂ ਦੇ ਰਿਸ਼ਤੇ ਦੀ ਆਪਣੇ ਜੀਵਨ ਵਿੱਚ ਭੂਮਿਕਾ ਨੂੰ ਸਮਝਣਾ। ਇਸ ਤੋਂ ਇਲਾਵਾ ਆਪਣੇ ਨਾਲ ਜੁੜੇ ਹੋਏ ਰਿਸ਼ਤਿਆਂ ਦੀ ਸਿਫ਼ਤ ਕਰਨੀ, ਖਾਸ ਕਰ ਪਤੀ ਪਤਨੀ ਦੇ ਰਿਸ਼ਤੇ ਵਿੱਚ ਜੇਕਰ ਪਤੀ ਪਤਨੀ ਇੱਕ ਦੂਸਰੇ ਦੀ ਮੌਜੂਦਗੀ ਜਾਂ ਗੈਰਹਾਜ਼ਰੀ ਵਿੱਚ ਇੱਕ ਦੂਸਰੇ ਦੀ ਪ੍ਰਸੰਸਾ ਕਰਦੇ ਹਨ ਤਾਂ ਇਸ ਨਾਲ ਇੱਕ ਦੂਸਰੇ ਪ੍ਰੀ ਸਤਿਕਾਰ ਹੋਰ ਵੀ ਵੱਧਦਾ ਹੈ, ਇਹ ਨਿਯਮ ਮਾਪਿਆਂ ਅਤੇ ਬੱਚਿਆਂ ਤੇ ਵੀ ਲਾਗੂ ਹੁੰਦਾ ਹੈ। ਰਿਸ਼ਤਿਆਂ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਆਪਣਿਆਂ ਦੇ ਕੁਝ ਖਾਸ ਦਿਨ ਜਿਵੇਂ ਕਿ ਜਨਮਦਿਨ, ਵਿਆਹ ਦੀ ਵਰ੍ਹੇਗੰਢ ਆਦਿ ਯਾਦ ਰੱਖ ਕੇ ਉਹਨਾਂ ਨੂੰ ਛੋਟੇ ਜਿਹੇ ਰੂਪ ਵਿੱਚ ਮਨਾਇਆ ਜਾ ਸਕਦਾ ਹੈ, ਇਸ ਨਾਲ ਤੁਹਾਡੇ ਨਾਲ ਜੁੜੇ ਹੋਏ ਲੋਕ ਆਪਣੇ ਆਪ ਵਿੱਚ ਖਾਸ ਮਹਿਸੂਸ ਕਰਨਗੇ ਅਤੇ ਉਹਨਾਂ ਦੇ ਜੀਵਨ ਵਿੱਚ ਰੰਗ ਭਰੇ ਰਹਿਣਗੇ।

ਇਸ ਗੱਲ ਵਿੱਚ ਕੋਈ ਦੋਰਾਇ ਨਹੀਂ ਕਿ ਦੁਨੀਆਂ ਪਿਆਰ ਦੀ ਭੁੱਖੀ ਹੈ, ਜਾਨਵਰ ਹੋਵੇ ਜਾਂ ਮਨੁੱਖ ਹਰ ਇੱਕ ਪਿਆਰ ਦੀ ਤਾਂਘ ਰੱਖਦਾ ਹੈ ਕਿਉਂਕਿ ਪਿਆਰ ਤੇ ਸਤਿਕਾਰ ਹੀ ਤਾਂ ਹੈ ਜੋ ਰਿਸ਼ਤਿਆਂ ਨੂੰ ਸਦੀਵੀ ਜੋੜ ਕੇ ਰੱਖਦਾ ਹੈ । ਅੱਜ ਬਹੁਤਾਤ ਲੋਕਾਂ ਨੂੰ ਖਾਸਕਰ ਨੌਜਵਾਨ ਪੀੜੀ ਨੂੰ ਲੱਗਦਾ ਹੈ ਕਿ ਉਹਨਾਂ ਦੇ ਜੀਵਨ ਵਿੱਚ ਪਦਾਰਥਵਾਦੀ ਚੀਜ਼ਾਂ, ਸੁੱਖ ਅਰਾਮ ਹੀ ਸਕੂਨ ਦੇ ਸਕਦੇ ਹਨ ਜਦਕਿ ਅਜਿਹਾ ਬਿਲਕੁਲ ਨਹੀਂ ਹੈ, ਜੋ ਖੁਸ਼ੀ ਆਪਣਿਆਂ ਨੂੰ ਖੁਸ਼ ਦੇਖ ਕੇ ਮਿਲਦੀ ਹੈ ਉਸਦਾ ਕੋਈ ਮੇਲ ਨਹੀਂ।

ਰਿਸ਼ਤਿਆਂ ਦਾ ਆਦਰ ਬਹੁਤ ਜਰੂਰੀ ਹੈ, ਤੁਸੀਂ ਬਾਹਰ ਲੋਕਾਂ ਨਾਲ ਲੱਖ ਸਤਿਕਾਰ ਜਾਂ ਪਿਆਰ ਨਾਲ ਪੇਸ਼ ਆਉ ਪਰ ਜੇਕਰ ਤੁਹਾਡਾ ਵਤੀਰਾ ਘਰ, ਪਰਿਵਾਰ ਲਈ ਅਲੱਗ ਹੈ ਤਾਂ ਤੁਸੀਂ ਭੇਖੀ ਲੋਕਾਂ ਦੀ ਸ਼੍ਰੇਣੀ ਵਿੱਚ ਗਿਣੇ ਜਾਉਂਗੇ। ਹਰ ਰਿਸ਼ਤੇ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਫ਼ਰਜ਼ ਨੂੰ ਪਹਿਚਾਣੇ, ਰਿਸ਼ਤਿਆਂ ਦੀਆਂ ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਰੱਖੇ, ਪਿਆਰ ਦੇ ਵਲੇਵੇ ਮਾਰ ਰਿਸ਼ਤਿਆਂ ਨੂੰ ਜਕੜ ਕੇ ਰੱਖੇ, ਅਪਣੱਤਾਂ ਦੇ ਛਿੱਟੇ ਪਾਉਂਦੀਆਂ ਗੱਲਾਂ ਨਾਲ ਆਪਣਿਆਂ ਦੇ ਕਾਲਜੇ ਠੰਡ ਪਾਵੇ। ਇਹ ਤਾਂ ਹੀ ਸੰਭਵ ਹੈ ਜੇ ਰਿਸ਼ਤਿਆਂ ਨੂੰ ਪਿਆਰਾਂ ਦਾ, ਸਤਿਕਾਰਾਂ ਦਾ, ਚਾਹਵਾਂ ਦਾ, ਮਲਾਰਾਂ ਦਾ ਹੁਲਾਰਾ ਮਿਲਦਾ ਰਹੇ।

*-ਹਰਕੀਰਤ ਕੌਰ*
*9779118066*

# ਸਿਨਸਿਨਾਟੀ ਦੇ ਸਿੱਖ ਯੂਥ ਸੀਮਪੋਜ਼ੀਅਮ 2022 ਵਿਚ ਬੱਚਿਆਂ ਨੇ ਸਿੱਖੀ ਪ੍ਰਤੀ ਉਤਸ਼ਾਹ ਦਿਖਾਇਆ



ਸਿਨਸਿਨਾਟੀ, ਓਹਾਇਓ: ਗੁਰੂ ਨਾਨਕ ਸੋਸਾਇਟੀ ਗੁਰਦੁਆਰਾ ਸਿਨਸਿਨਾਟੀ, ਓਹਾਇਓ ਵਿਖੇ 2022 ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਸੰਬੰਧੀ ਸਥਾਨਕ ਮੁਕਾਬਲੇ ਕਰਵਾਏ ਗਏ। ਇਸ ਵਿਚ 6 ਸਾਲ ਤੋਂ 17 ਸਾਲ ਦੇ ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਨੂੰ ਉਮਰ ਅਨੁਸਾਰ ਚਾਰ ਗਰੁੱਪਾਂ ਵਿਚ ਵੰਡਿਆ ਗਿਆ ਸੀ। ਹਰੇਕ ਗਰੁੱਪ ਨੂੰ ਕੁੱਝ ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਸਿਨਸਿਨਾਟੀ ਤੋਂ ਇਲਾਵਾ ਨਾਲ ਲਗਦੇ ਸ਼ਹਿਰ ਡੇਟਨ ਦੇ ਬੱਚਿਆਂ ਨੇ ਵੀ ਇਸ ਵਿਚ ਉਤਸ਼ਾਹ ਨਾਲ ਭਾਗ ਲਿਆ। ਹਰੇਕ ਗਰੁਪ ਦੇ ਜੇਤੂ ਬੱਚੇ 20 ਮਈ ਨੂੰ ਪਿਟਸ-ਬਰਗ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।

ਸਿਮਪੋਜ਼ੀਅਮ ਦੀ ਅਰੰਭਤਾਂ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਮੰਚ ਦਾ ਸੰਚਾਲਨ ਅਤੇ ਹੋਰ ਸੇਵਾਵਾਂ ਉਹਨਾਂ ਨੋਜਵਾਨਾਂ ਵਲੋਂ ਵੀ ਕੀਤੀਆਂ ਗਈਆਂ ਜੋ ਪਹਿਲਾਂ ਇਹਨਾਂ ਵਿੱਚ ਭਾਗ ਲੈਂਦੇ ਰਹੇ ਹਨ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਮੇਰੇ ਗੁਰੂ ਦੀਆਂ ਅਸੀਸਾਂ", ਦੂਜੇ ਨੂੰ ਸਿੱਖ ਸਾਖੀਆਂ, ਤੀਜੇ ਨੂੰ ਸਿੱਖ ਗੁਰੂਆਂ ਦਾ ਇਤਿਹਾਸ ਅਤੇ ਚੌਥੇ ਨੂੰ "ਦ ਵੈਲੀਅੰਟ ਜਸਵੰਤ ਸਿੰਘ ਖਾਲੜਾ" ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਹਨਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਵਿੱਚ ਭਾਸ਼ਨ ਦਿੱਤੇ।

ਸਿਮਪੋਜ਼ੀਅਮ ਅਤੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ।ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵਲੋਂ ਵਧੀਆ ਤੋਂ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਆਯੋਜਤ ਕਰਣ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਉਹਨਾਂ ਦੇ ਮਾਤਾ ਪਿਤਾ, ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਸ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਟਰੋਫੀ ਅਤੇ ਸਰਟੀਫਿਕੇਟ ਵੀ ਦਿੱਤੇ ਗਏ।

*-ਸਮੀਪ ਸਿੰਘ ਗੁਮਟਾਲਾ*
*ਸਿਨਸਿਨਾਟੀ, ਓਹਾਇਓ,*
*ਅਮਰੀਕਾ*
*+1-937-654-8873*







QUEENSWOOD COLLEGE
BUSINESS · HEALTH · TECHNOLOGY

Queenswood College B H & T
Convocation 2019-2020, 2020-2021

ਕੁਈਨਜ਼ਵੁੱਡ ਕਾਲਜ B H & T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਨਤ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿੱਚ ਇੱਕ ਜਾਣੀ ਪਹਿਚਾਣੀ ਸਖ਼ਸ਼ਿਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਊਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿੱਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫ਼ਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ । ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸੁਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ –

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1



# ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨਾਲ ਕੇਂਦਰ ਨਾਰਾਜ਼

*** ਕੇਂਦਰ ਝੋਨੇ ਦੇ ਸੀਜ਼ਨ ਵਿੱਚ ਮੁਸ਼ਕਲਾਂ ਪੈਦਾ ਕਰ ਸਕਦੈ**



ਚੰਡੀਗੜ੍ਹ, 9 ਮਈ (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਨਵੇਂ ਸਿਆਸੀ ਹਾਲਤ ਵਿੱਚ ਚੌਕਸ ਰਹਿਣਾ ਪਵੇਗਾ। ਪੰਜਾਬ ਪੁਲਸ ਵੱਲੋਂ ਤੇਜਿੰਦਰ ਬੱਗਾ ਖਿਲਾਫ ਕੀਤੀ ਕਾਰਵਾਈ ਤੋਂ ਨਾਰਾਜ਼ ਕੇਂਦਰ ਸਰਕਾਰ ਪੰਜਾਬ ਲਈ ਮੱਦਦ ਦੇਣ ਦੇ ਮਾਮਲੇ ਵਿੱਚ ਹੱਥ ਘੁੱਟ ਸਕਦੀ ਹੈ।

ਵਰਨਣ ਯੋਗ ਹੈ ਕਿ ਜੂਨ ਵਿੱਚ ਝੋਨੇ ਦੀ ਲਵਾਈ ਸ਼ੁਰੂ ਹੋਣੀ ਹੈ ਅਤੇ ਪੰਜਾਬ ਸਰਕਾਰ ਦੀ ਕੋਲੇ ਅਤੇ ਬਿਜਲੀ ਦੀ ਸਪਲਾਈ ਲਈ ਕੇਂਦਰ ਸਰਕਾਰ ਉੱਤੇ ਨਿਰਭਰਤਾ ਵਧ ਜਾਣੀ ਹੈ ਹੈ। ਬਿਜਲੀ ਸੰਕਟ ਪਹਿਲਾਂ ਹੀ ਰੰਗ ਦਿਖਾ ਚੁੱਕਾ ਹੈ ਤੇ ਝੋਨੇ ਦੀ ਲਵਾਈ ਮੌਕੇ ਬਿਜਲੀ ਦੀ ਮੰਗ 15 ਹਜ਼ਾਰ ਮੈਗਾਵਾਟ ਨੂੰ ਟੱਪ ਜਾਣ ਦੀ ਆਸ ਹੈ। ਪੰਜਾਬ ਦੀ ਵਿੱਤੀ ਸਥਿਤੀ ਪਹਿਲਾਂ ਹੀ ਨਾਜ਼ੁਕ ਹੈ ਤੇ ਆਮਦਨ ਦੇ ਵਸੀਲੇ ਵੀ ਤਸੱਲੀ ਵਾਲੇ ਨਹੀਂ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਵਿਰੋਧੀ ਤੇਜਿੰਦਰਪਾਲ ਸਿੰਘ ਬੱਗਾ ਵਾਲੇ ਪੈਂਤੜੇ ਪਿੱਛੋਂ ਭਾਜਪਾ ਸਖਤੀ ਨਾਲ ਦੇ ਰੌਂਅ ਵਿੱਚ ਹੈ।

ਅਰਵਿੰਦ ਕੇਜਰੀਵਾਲ ਦਾ ਦਿੱਲੀ ਮਾਡਲ ਸਫਲ ਸਮਝਿਆ ਜਾਂਦਾ ਹੈ ਅਤੇ ਪੰਜਾਬ ਮਾਡਲ ਵੀ ਸਫਲ ਹੁੰਦਾ ਹੈ ਤਾਂ ਇਸ ਨਾਲ ਕੇਜਰੀਵਾਲ ਦੇ ਸਿਆਸੀ ਪਸਾਰ ਲਈ ਰਾਹ ਖੁੱਲ੍ਹਦਾ ਹੈ। ਕਾਂਗਰਸ ਨੂੰ ਮੌਕਾ ਹੱਥ ਲੱਗ ਗਿਆ ਹੈ ਤੇ ਉਹ ਇਹ ਪ੍ਰਚਾਰ ਕਰ ਰਹੀ ਹੈ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਵਿੱਚ ਬਦਲੇ ਦੀ ਰਾਜਨੀਤੀ ਦਾ ਕੋਈ ਫਰਕ ਨਹੀਂ ਤੇ ਪੰਜਾਬ ਪੁਲਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਗਰਮੀ ਦੇ ਮੌਸਮ ਕਰ ਕੇ ਕਣਕ ਦੀ ਕੁਆਲਿਟੀ ਨੂੰ ਲੱਗੀ ਢਾਹ ਬਾਰੇ ਕੇਂਦਰ ਸਰਕਾਰ ਨੇ ਮੱਦਦ ਦਾ ਹਾਲੇ ਤਕ ਕੋਈ ਫੈਸਲਾ ਨਹੀਂ ਲਿਆ। ਕਣਕ ਦੇ ਸੁੰਗੜੇ ਦਾਣੇ ਬਾਰੇ ਵੀ ਕੇਂਦਰੀ ਮਾਪਦੰਡਾਂ ਵਿੱਚ ਕੋਈ ਛੋਟ ਨਾ ਦਿੱਤੀ ਗਈ ਤਾਂ ਇਸ ਦਾ ਸਾਰਾ ਵਿੱਤੀ ਬੋਝ ਪੰਜਾਬ ਨੂੰ ਚੁੱਕਣਾ ਪੈ ਸਕਦਾ ਹੈ। ਇਸੇ ਤਰ੍ਹਾਂ ਦਿਹਾਤੀ ਵਿਕਾਸ ਫੰਡ ਦੇ ਬਕਾਏ ਦਾ ਮਸਲਾ ਵੀ ਲਟਕਿਆ ਹੋਇਆ ਹੈ।

# ਕਿਸਾਨ ਆਗੂ ਉਗਰਾਹਾਂ ਨੇ ਕਿਹਾ: ਨਾਗਰਿਕਤਾ ਸੋਧ ਕਾਨੂੰਨ ਪੰਜਾਬ ਵਿਚ ਕਿਸੇ ਕੀਮਤ ਲਾਗੂ ਨਹੀਂ ਹੋਣ ਦੇਵਾਂਗੇ



ਮਲੇਰਕੋਟਲਾ, 9 ਮਈ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਹੈ ਕਿ ਭਾਰਤ ਸਰਕਾਰ ਕੰਧ ਉੱਤੇ ਲਿਖਿਆ ਪੜ੍ਹ ਲਵੇ ਕਿ ਪੰਜਾਬ ਅੰਦਰ ਨਾਗਰਿਕਤਾ ਸੋਧ ਸਬੰਧੀ ਕੇਂਦਰੀ ਕਾਨੂੰਨ ਐਨ ਆਰ ਸੀ ਤੋਂ ਇਲਾਵਾ ਸੀ ਸੀ ਏ ਕਿਸੇ ਕੀਮਤ ਵਿੱਚ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।

ਇੱਥੇ ਇੱਕ ਈਦ ਮਿਲਨ ਸਮਾਗਮ ਵਿੱਚ ਵਿਸ਼ੇਸ਼ ਤੌਰ ਉੱਤੇ ਪਹੁੰਚੇ ਜੋਗਿੰਦਰ ਸਿੰਘ ਉਗਰਾਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰਾਂ ਵੱਲੋਂ ਸਮੇਂ-ਸਮੇਂਇਹ ਕਾਰਵਾਈਆਂ ਕਰ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਬੇਰੁਜ਼ਗਾਰੀ, ਨਸ਼ਾ, ਦੂਸ਼ਿਤ ਵਾਤਾਵਰਣ ਕਿਸਾਨੀ ਕਰਜ਼ਾ ਮੁਕਤੀ ਆਦਿ ਹਟਾਉਣਾ ਆਮ ਗੱਲ ਹੈ। ਇੱਕ ਸਵਾਲ ਦੇ ਜਵਾਬ ਵਿੱਚਉਨ੍ਹਾਂ ਕਿਹਾ ਕਿ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਲਈ 'ਈਦ ਮਿਲਨ'ਆਦਿ ਪ੍ਰੋਗਰਾਮਾਂ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਮਸਜਿਦ ਬਣਨ ਮੌਕੇ ਵੱਡਾ ਸਾਥ ਗ਼ੈਰ ਮੁਸਲਿਮ ਭਰਾਵਾਂ ਨੇ ਦਿੱਤਾ ਤੇ ਪੂਰੇ ਪੰਜਾਬ ਅੰਦਰ ਅਕਸਰ ਘੱਟਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੀਆਂ ਇਬਾਦਤਗਾਹਾਂ ਨੂੰ ਬਣਾਉਣ ਲਈ ਸਿੱਖਾਂ ਵੱਲੋਂ ਡਟ ਕੇ ਸਾਥ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫ਼ਿਰਕਾਪ੍ਰਸਤ ਅਤੇ ਸ਼ੈਤਾਨੀ ਤਾਕਤਾਂ ਨੂੰ ਭਜਾਉਣ ਲਈ ਸਾਡਾ ਸਾਰਿਆਂ ਦਾ ਇਕੱਠੇ ਹੋਣਾ ਜ਼ਰੂਰੀ ਹੈ ਜਿਸ ਦੀ ਸਮਝ ਲੋਕਾਂ ਵਿੱਚ ਆਉਂਦੀ ਨਜ਼ਰ ਆ ਰਹੀ ਹੈ, ਜੋ ਉਨ੍ਹਾਂ 1947 ਤੋਂ ਬਾਅਦ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ।

# ਪ੍ਰਧਾਨਗੀ ਤਾਂ ਛੱਡ ਦਿਆਂਗਾ, ਪਾਰਟੀ ਵਿੱਚ ਅਨੁਸ਼ਾਸਨਹੀਣਤਾ ਸਹਿਣ ਨਹੀਂ ਕਰਾਂਗਾ : ਵੜਿੰਗ



ਸਮਰਾਲਾ, 9 ਮਈ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹ ਹੈ ਕਿ ਪਾਰਟੀ ਵਿੱਚ ਅਨੁਸ਼ਾਸਨਹੀਣਤਾ ਕਿਸੇ ਕੀਮਤ ਉੱਤੇ ਸਹਿਣ ਨਹੀਂ ਕਰਨਗੇ।

ਕਾਂਗਰਸ ਦਾ ਪੰਜਾਬ ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਮਗਰੋਂ ਪਹਿਲੀ ਵਾਰ ਖਮਾਣੋਂ ਪੁੱਜੇ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਏਥੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ ਦੀ ਅਗਵਾਈ ਹੇਠ ਕਾਂਗਰਸੀ ਵਰਕਰਾਂ ਨੇ ਸਵਾਗਤ ਕੀਤਾ ਗਿਆ। ਇਸ ਮੌਕੇ ਬੱਸੀ ਪਠਾਣਾ ਹਲਕੇ ਦੇ ਕਾਂਗਰਸੀਆਂ ਦੀ ਬੈਠਕਵਿੱਚ ਬੋਲਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਉਹ ਪਾਰਟੀ ਅਹੁਦਾ ਛੱਡ ਸਕਦੇ ਹਨ, ਪ੍ਰੰਤੂ ਪਾਰਟੀ ਵਿੱਚ ਅਨੁਸ਼ਾਸਨਹੀਣਤਾ ਸਹਿਣ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਅਨੁਸ਼ਾਸਨਹੀਣਤਾ ਦੀ ਵੱਡੀ ਕੀਮਤ ਪਾਰਟੀ ਨੂੰ ਬੀਤੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੁਕਾਉਣੀ ਪਈ ਹੈ ਅਤੇ ਇਸ ਨੂੰ ਮੁੜ ਕੇ ਸਿਰ ਨਹੀਂ ਚੁਕਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਸ਼ਾਸਨ ਤੋੜ ਕੇ ਚੋਣਾਂ ਵਿੱਚ ਆਪਣਿਆਂ ਨੂੰ ਹੀ ਹਰਾਉਣ ਵਾਲਿਆਂ ਦਾ ਖ਼ੁਦ ਬਹੁਤ ਸ਼ਰਮਨਾਕ ਹਸ਼ਰ ਲੋਕਾਂ ਨੇ ਵੇਖਿਆ ਹੈ। ਉਨ੍ਹਾਂ ਕਿਹਾ ਕਿ ਦੋ ਕੁ ਮਹੀਨੇ ਪਹਿਲਾਂ ਬਣੀ ਭਗਵੰਤ ਮਾਨ ਸਰਕਾਰ ਬਾਰੇ ਹਾਲੇ ਉਹ ਕੁਝ ਨਹੀਂ ਕਹਿਣਗੇ।

# ਸੀ ਬੀ ਆਈ ਟੀਮ ਆਪ ਵਿਧਾਇਕ ਦੇ ਖਾਤੇ ਫਾਈਲਾਂ ਦੇਰ ਰਾਤ ਤਕ ਫੋਲਦੀ ਰਹੀ

ਮਲੇਰਕੋਟਲਾ, 9 ਮਈ (ਪੋਸਟ ਬਿਊਰੋ)- ਲੁਧਿਆਣਾ ਵਿਚਲੇ ਬੈਂਕ ਆਫ਼ ਇੰਡੀਆ ਵੱਲੋਂ ਦਰਜ ਕਰਾਏ 40.92 ਕਰੋੜ ਰੁਪਏ ਦੇ ਧੋਖਾਧੜੀ ਦੇ ਕੇਸ ਦੀ ਜਾਂਚ ਲਈ ਕੱਲ੍ਹ ਸੀ ਬੀ ਆਈ ਦੀਆਂ ਤਿੰਨ ਵੱਖ-ਵੱਖ ਟੀਮਾਂ ਨੇ ਹਲਕਾ ਅਮਰਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਦੇ ਪਰਵਾਰ ਨਾਲ ਸਬੰਧਤ ਤਾਰਾ ਗਰੁੱਪ ਦੀਆਂ ਤਿੰਨ ਵੱਖ-ਵੱਖ ਥਾਵਾਂ ਉੱਤੇ ਇਕੱਠੇ ਛਾਪੇ ਮਾਰੇ ਤਾਂ ਇਸਮੌਕੇਗੌਂਸਪੁਰਾ ਦਫ਼ਤਰਤੋਂ ਮਿ-ਲਆ ਕਾਲਾ ਬੈਗ ਬੁਝਾਰਤ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਮਲੇਰਕੋਟਲਾ-ਲੁਧਿਆਣਾ ਮੇਨ ਰੋਡ ਉੱਤੇ ਤਾਰਾ ਅਸਟੇਟ ਵਿਖੇ ਸੀ ਬੀ ਆਈ ਦੇ ਕਰੀਬ ਇੱਕ ਦਰਜਨ ਅਧਿਕਾਰੀ ਰਾਤ 9.30 ਵਜੇ ਤਕ ਕੰਪਨੀ ਦੇ ਰਿਕਾਰਡ ਨੂੰ ਫੋਲਦੇ ਰਹੇ।

ਪਤਾ ਲੱਗਾ ਹੈ ਕਿ ਜਾਂਚ ਦੌਰਾਨ ਵਿਧਾਇਕ ਪ੍ਰੋ. ਗੱਜਣਮਾਜਰਾ ਦਾ ਛੋਟਾ ਭਰਾ ਰਾਠ ਬਲਵੰਤ ਸਿੰਘ ਮੰਡੇਰ ਮੌਜੂਦ ਸੀ। ਕਿਸੇ ਵੀ ਮੀਡੀਆ ਕਰਮਚਾਰੀ ਜਾਂ ਬਾਹਰੀ ਵਿਅਕਤੀ ਨੂੰ ਤਾਰਾ ਐਸਟੇਟ ਦੇ ਦਫ਼ਤਰ ਨੇੜੇ ਨਹੀਂ ਜਾਣ ਦਿੱਤਾ ਗਿਆ।ਪੰਜਾਬ ਪੁਲਸ ਦੀ ਟੁਕੜੀ ਵੀ ਉਦੋਂ ਤਕ ਦਫ਼ਤਰ ਦੇ ਬਾਹਰ ਦੂਰ ਖੜ੍ਹੀ ਰਹੀ, ਜਦੋਂ ਤਕ ਸੀ ਬੀ ਆਈ ਟੀਮ ਉਥੋਂ ਚਲੀ ਨਹੀਂ ਗਈ। ਰਾਤ ਕਰੀਬ 9.30 ਵਜੇ ਤਾਰਾ ਐਸਟੇਟ ਦੇ ਦਫ਼ਤਰਤੋਂ ਦਸਤਾਵੇਜ਼ਾਂ ਨਾਲ ਭਰੇ ਇੱਕ ਕਾਲੇ ਬੈਗ ਸਮੇਤ ਬਾਹਰ ਆਈ ਸੀ ਬੀ ਆਈ ਟੀਮ ਦੇ ਅਫਸਰਾਂ ਨੂੰ ਜਦੋਂ ਇਸ ਬੈਗ ਵਿਚਲੀ ਸਮੱਗਰੀ ਬਾਰੇ ਪੱਤਰਕਾਰਾਂ ਨੇ ਪੁੱਛਿਆ ਤਾਂ ਸਮੁੱਚੀ ਟੀਮ ਦੇ ਅਧਿਕਾਰੀ ਬਿਨ੍ਹਾਂ ਕੋਈ ਜਵਾਬ ਦਿੱਤਿਆਂ ਦਫ਼ਤਰ ਪਿੱਛੇ ਖੜੋਤੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਤੇਜ਼ੀ ਨਾਲ ਨਿਕਲ ਗਏ। ਕੱਲ੍ਹ ਸੀ ਬੀ ਆਈ ਦੀਆਂ ਤਿੰਨ ਟੀਮਾਂ ਨੇ ਇੱਕੋਂ ਵੇਲੇ ਪਿੰਡ ਗੱਜਣਮਾਜਰਾ ਦੇ ਗੱਜਣਮਾਜਰਾ ਪਰਵਾਰ ਦੀ ਰਿਹਾਇਸ਼, ਪਿੰਡ ਜਿੱਤਵਾਲ ਕਲਾਂ ਸਥਿਤ ਤਾਰਾ ਫੀਡਜ ਫ਼ੈਕਟਰੀ ਤੇ ਪਿੰਡ ਗੌਂਸਪੁਰਾ ਸਥਿਤ ਤਾਰਾ ਐਸਟੇਟ ਵਿਖੇ ਛਾਪਾ ਮਾਰਿਆ। ਬਾਹਰੋਂ ਆਏ ਅਧਿਕਾਰੀ ਕਰੀਬ ਛੇ ਘੰਟੇ ਘਰ ਦੀ ਜਾਂਚ ਪੜਤਾਲ ਪਿੱਛੋਂ 3.30 ਵਜੇ ਉਥੋਂ ਚਲੇ ਗਏ। ਇਸੇ ਤਰ੍ਹਾਂ ਪਿੰਡ ਜਿੱਤਵਾਲ ਕਲਾਂ ਵਿੱਚ ਤਾਰਾ ਫੀਡਜ਼ ਵਿਖੇ ਕਰੀਬ ਪੰਜ ਗੱਡੀਆਂ ਵਿੱਚ ਸੀ ਬੀ ਆਈ ਟੀਮ ਦੇ ਕਰੀਬ ਦੋ ਦਰਜਨ ਅਧਿਕਾਰੀ ਸਵੇਰੇ 9.30 ਵਜੇ ਪਹੁੰਚੇ, ਪਰ ਓਦੋਂ ਤਕ ਫ਼ੈਕਟਰੀ ਦੇ ਦਫ਼ਤਰੀ ਅਮਲੇ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਨਹੀਂ ਸੀ ਪਹੁੰਚਿਆ। ਟੀਮ ਸ਼ਾਮ ਕਰੀਬ 5.30 ਵਜੇ ਤਕ ਤਾਰਾ ਫੀਡਜ਼ ਵਿਖੇ ਅਲਮਾਰੀਆਂ ਤੇ ਦਰਾਜ਼ਾਂ ਵਿੱਚ ਪਈਆਂ ਫਾਈਲਾਂ ਫੋਲਦੀ ਰਹੀ। ਅਧਿਕਾਰੀ ਤਾਰਾ ਫੀਡਜ਼ ਤੋਂ ਇੱਕ ਫਾਈਲ ਆਪਣੇ ਨਾਲ ਲੈ ਗਏ ਹਨ।

# ਮੁੱਖ ਮੰਤਰੀ ਵੱਲੋਂ ਸ਼ਹੀਦ ਸੂਬੇਦਾਰ ਦੇ ਪਰਵਾਰ ਵਾਸਤੇ ਇੱਕ ਕਰੋੜ ਰੁਪਏ ਤੇ ਸਰਕਾਰੀ ਨੌਕਰੀ ਦਾ ਐਲਾਨ



ਚੰਡੀਗੜ੍ਹ, 9 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਹੋਏ ਸੂਬੇਦਾਰ ਹਰਦੀਪ ਸਿੰਘ ਦੇ ਪਰਵਾਰ ਲਈ ਇੱਕ ਕਰੋੜ ਰੁਪਏ ਦੀ ਐਕਸਗ੍ਰੇਸ਼ੀਆ ਗ੍ਰਾਂਟ ਅਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ, ਜੋ ਕੱਲ੍ਹ ਅਰੁਣਾਚਲ ਪ੍ਰਦੇਸ਼ ਵਿੱਚ ਐਲ ਏ ਸੀ ਉੱਤੇ ਸ਼ਹੀਦ ਹੋ ਗਏ ਸਨ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ਼ਹੀਦ ਸੂਬੇਦਾਰ ਹਰਦੀਪ ਸਿੰਘ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਪੂਰੀ ਲਗਨ ਅਤੇ ਸਮਰਪਿਤ ਭਾਵਨਾ ਨਾਲ ਡਿਊਟੀ ਨਿਭਾਈ ਹੈ। 15 ਪੰਜਾਬ ਯੂਨਿਟ ਨਾਲ ਸਬੰਧਤ ਸੂਬੇਦਾਰ ਹਰਦੀਪ ਸਿੰਘ ਪਿੰਡ ਬਰਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਉਹ ਆਪਣੇ ਪਿੱਛੇ ਪਤਨੀ, ਬੇਟੀ ਅਤੇ ਪੁੱਤਰ ਛੱਡ ਗਏ ਹਨ। ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਂਦਿਆਂ ਸਾਰ ਪੰਜਾਬ ਦੇ ਸ਼ਹੀਦ ਜਵਾਨਾਂ ਦੇ ਪਰਵਾਰਾਂ ਲਈ ਵਿੱਤੀ ਰਾਹਤ ਰਾਸ਼ੀ ਵਧਾ ਕੇ ਇੱਕ ਕਰੋੜ ਰੁਪਏ ਕਰਨ ਦਾ ਐਲਾਨ ਕੀਤਾ ਸੀ।ਸੂਬੇਦਾਰ ਹਰਦੀਪ ਸਿੰਘ ਨੂੰ ਉਨ੍ਹਾਂ ਦੇ ਪਿੰਡ ਵਿੱਚ ਫ਼ੌਜੀ ਸਨਮਾਨਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ।

# ਸਾਊਦੀ ਅਰਬ 'ਚ ਪੰਜਾਬੀ ਨੂੰ ਜੁਰਮਾਨਾ ਨਾ ਭਰਨ ਉੱਤੇ ਸਿਰ ਕਲਮ ਦੀ ਸਜ਼ਾ



ਮੁਕਤਸਰ ਸਾਹਿਬ, 9 ਮਈ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਮੱਲਣ ਦਾ ਵਾਸੀ ਬਲਵਿੰਦਰ ਸਿੰਘ ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਹੈ। ਸਜ਼ਾ ਭੁਗਤ ਰਹੇ ਵਿਅਕਤੀ ਲਈ ਬਲੱਡ ਮਨੀ ਦੇਣ ਦੀ ਆਖਰੀ ਮਿਤੀ 15 ਮਈ ਮੁਕੱਰਰ ਕੀਤੀ ਗਈ ਹੈ ਤੇ ਜੇ 15 ਮਈ ਤਕ ਬਲੱਡ ਮਨੀ, ਜੋ ਭਾਰਤੀ ਕਾਨੂੰਨ ਅਨੁਸਾਰ ਦੋ ਕਰੋੜ ਰੁਪਏ ਬਣਦੀ ਹੈ, ਨਾ ਭਰੀ ਗਈ ਤਾਂ ਸਾਊਦੀ ਅਰਬ ਕਾਨੂੰਨ ਅਨੁਸਾਰ ਸਿਰ ਕਲਮ ਕਰ ਦਿੱਤਾ ਜਾਵੇਗਾ।

ਮਿਲੀ ਜਾਣਕਾਰੀ ਮੁਤਾਬਕ ਬਲਵਿੰਦਰ ਸਿੰਘ 2008 ਵਿੱਚ ਸਾਊਦੀ ਅਰਬ ਗਿਆ ਸੀ ਤੇ 2013 ਵਿੱਚ ਉਸ ਦੀ ਇੱਕ ਵਿਅਕਤੀ ਨਾਲ ਲੜਾਈ ਹੋ ਗਈ ਸੀ, ਜਿਸ ਦੀ ਮੌਤ ਹੋ ਗਈ ਸੀ।ਸੱਤ ਸਾਲ ਸਜ਼ਾ ਭੁਗਤਣ ਉਪਰੰਤ ਬਲਵਿੰਦਰ ਸਿੰਘ ਤੇ ਉਸਦੇ ਪਰਵਾਰ ਨੂੰ ਜਾਣਕਾਰੀ ਮਿਲੀ ਕਿ ਮ੍ਰਿਤਕ ਵਿਅਕਤੀ ਦੇ ਪਰਵਾਰ ਨੂੰ ਉਥੋਂ ਦੇ ਕਾਨੂੰਨ ਅਨੁਸਾਰ ਬਲੱਡ ਮਨੀ ਦੇਣੀ ਪਵੇਗੀ। ਪਰਵਾਰ ਅਨੁਸਾਰ ਕਰੀਬ 97 ਲੱਖ ਇਕੱਠੇ ਹੋਏ ਹਨ, 40 ਲੱਖ ਰੁਪਏ ਬਲਵਿੰਦਰ ਦੀ ਅਰਬ ਕੰਪਨੀ ਨੇ ਦੇਣ ਦਾ ਵਾਅਦਾ ਕੀਤਾ ਹੈ ਤੇ ਕਰੀਬ 60 ਲੱਖ ਰੁਪਏ ਦੀ ਹੋਰ ਲੋੜ ਹੈ।

# ਬੈਂਕ ਘਪਲੇ: ਪੰਜਾਬ ਸਰਕਾਰ ਸੀ ਬੀ ਆਈ ਤੋਂ ਜਾਂਚ ਨਹੀਂ ਕਰਵਾਉਣਾ ਚਾਹੁੰਦੀ




ਚੰਡੀਗੜ੍ਹ, 9 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸੀ ਬੀ ਆਈ ਨੂੰ ਬੈਂਕਾਂ ਨਾਲ ਤਕਰੀਬਨ 300 ਕਰੋੜ ਰੁਪਏ ਦੀ ਧੋਖਾਧੜੀ ਨਾਲ ਸਬੰਧਤ ਦਰਜਨ ਭਰ ਕੇਸਾਂ ਵਿੱਚ ਜਾਂਚ ਲਈ ਆਮ ਸਹਿਮਤੀ ਨਹੀਂ ਦਿੱਤੀ।

ਸੀ ਬੀ ਆਈ ਨੇ ਪਰਸੋਂ ਹਲਕਾ ਅਮਰਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਦੀ ਰਿਹਾਇਸ਼ ਤੇ ਕਾਰੋਬਾਰੀ ਟਿਕਾਣਿਆਂ ਉੱਤੇ ਬੈਂਕ ਨਾਲ ਧੋਖਾਧੜੀ ਨਾਲ ਸਬੰਧਤ ਕੇਸ ਵਿੱਚ ਛਾਪੇ ਮਾਰੇ ਸਨ। ਪੰਜਾਬ ਸਰਕਾਰ ਨੇ ਪਹਿਲਾਂ ਜਾਂਚ ਲਈ ਸੀ ਬੀ ਆਈ ਨੂੰ ਆਮ ਸਹਿਮਤੀ ਦਿੱਤੀ ਹੋਈ ਸੀ, ਜਿਸ ਸਦਕਾ ਸੀ ਬੀ ਆਈ ਨੂੰ ਕਿਸੇ ਮਾਮਲੇ ਵਿੱਚ ਉਚੇਚੀ ਪ੍ਰਵਾਨਗੀ ਦੀ ਲੋੜ ਨਹੀਂ ਸੀ। ਕੈਪਟਨ ਅਮਰਿੰਦਰ ਸਿੰਘ ਜਦੋਂ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਛੇ ਨਵੰਬਰ 2020 ਨੂੰ ਸੀ ਬੀ ਆਈ ਨੂੰ ਦਿੱਤੀ ਆਮ ਸਹਿਮਤੀ ਵਾਪਸ ਲੈ ਲਈ ਸੀ। ਪੰਜਾਬ ਦੇਸ਼ ਦਾ ਨੌਵਾਂ ਸੂਬਾ ਹੈ, ਜਿਸ ਨੇ ਆਮ ਸਹਿਮਤੀ ਵਾਪਸ ਲਈ ਹੋਈ ਹੈ। ਇਸ ਦੇ ਬਾਅਦ ਪੰਜਾਬ ਸਰਕਾਰ ਨੇ ਜਨਵਰੀ 2019 ਤੋਂ ਫਰਵਰੀ 2022 ਤਕ ਸਮੇਂ-ਸਮੇਂ ਸੀ ਬੀ ਆਈ ਨੂੰ 27 ਪ੍ਰਵਾਨਗੀਆਂ ਦਿੱਤੀਆਂ, ਪਰ ਸੀ ਬੀ ਆਈ ਵੱਲੋਂ ਮੰਗੀਆਂ 16 ਪ੍ਰਵਾਨਗੀਆਂ ਹਾਲੇ ਪੰਜਾਬ ਸਰਕਾਰ ਕੋਲ ਫੈਸਲੇ ਲਈ ਪੈਂਡਿੰਗ ਹਨ। ਇਨ੍ਹਾਂ ਵਿੱਚੋਂ 12 ਕੇਸ ਬੈਂਕ ਧੋਖਾਧੜੀ ਨਾਲ ਸਬੰਧ ਰੱਖਦੇ ਹਨ। ਆਮ ਆਦਮੀ ਪਾਰਟੀ ਸਰਕਾਰ ਵੱਲੋਂ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਦੇ ਕੇਸ ਵਿੱਚ ਆਮ ਸਹਿਮਤੀ ਦਿੱਤੇ ਜਾਣ ਦੀ ਸੰਭਾਵਨਾ ਨਹੀਂ ਜਾਪਦੀ।

ਭਾਰਤ ਵਿੱਚ ਪੰਜਾਬ ਤੋਂ ਇਲਾਵਾ ਪੱਛਮੀ ਬੰਗਾਲ, ਛੱਤੀਸਗੜ੍ਹ ਰਾਜਸਥਾਨ ਤੇ ਮਹਾਰਾਸ਼ਟਰ ਸੂਬੇ ਹਨ, ਜਿਨ੍ਹਾਂ ਨੇ ਬੈਂਕ ਘਪਲਿਆਂ ਨਾਲ ਜੁੜੇ 128 ਕੇਸਾਂ ਵਿੱਚ ਸੀ ਬੀ ਆਈ ਨੂੰ ਆਮ ਸਹਿਮਤੀ ਨਹੀਂ ਦਿੱਤੀ। ਇਹ ਬੈਂਕ ਘਪਲੇ ਕਰੀਬ 21,074 ਕਰੋੜ ਦੇ ਹਨ। ਦੇਸ਼ ਵਿੱਚ ਸੱਤ ਰਾਜਾਂ ਕੋਲ 173 ਕੇਸਾਂ ਵਿੱਚ ਪ੍ਰਵਾਨਗੀ ਦਾ ਮਾਮਲਾ ਪੈਂਡਿੰਗ ਹੈ। ਦੇਸ਼ ਵਿੱਚ ਸਭ ਤੋਂ ਪਹਿਲਾਂ ਮਿਜ਼ੋਰਮ ਨੇ 17 ਜੁਲਾਈ 2015 ਨੂੰ ਸੀ ਬੀ ਆਈ ਨੂੰ ਕੇਸਾਂ ਦੀ ਜਾਂਚ ਲਈ ਦਿੱਤੀ ਆਮ ਸਹਿਮਤੀ ਵਾਪਸ ਲਈ ਸੀ। ਫਿਰ 18 ਨਵੰਬਰ 2018 ਨੂੰ ਪੱਛਮੀ ਬੰਗਾਲ ਨੇ ਇਹੋ ਫੈਸਲਾ ਲਿਆ ਸੀ।ਛੱਤੀਸਗੜ੍ਹ, ਰਾਜਸਥਾਨ, ਮਹਾਰਾਸ਼ਟਰ, ਕੇਰਲਾ, ਝਾਰਖੰਡ, ਪੰਜਾਬ ਤੇ ਮੇਘਲਿਆ ਨੇ ਵੀ ਇਹੋ ਕੀਤਾ ਸੀ। ਚਰਚੇ ਹਨ ਕਿ ਜਦੋਂ ਪੰਜਾਬ ਪੁਲਸ ਨੇ ਭਾਜਪਾ ਆਗੂ ਤੇਜਿੰਦਰ ਪਾਲ ਸਿੰਘ ਬੱਗਾ ਦੇ ਕੇਸ ਨੂੰ ਹੱਥ ਪਾ ਲਿਆ, ਉਸ ਮਗਰੋਂ ਪ੍ਰੋਫੈਸਰ ਗੱਜਣਮਾਜਰਾ ਉੱਤੇ ਸੀ ਬੀ ਆਈ ਦੇ ਛਾਪੇ ਪੈ ਗਏ ਹਨ। ਸਿਆਸੀ ਹਲਕੇ ਦੋਵਾਂ ਕੇਸਾਂ ਨੂੰ ਆਪਸ ਵਿੱਚ ਜੋੜ ਕੇ ਦੇਖ ਰਹੇ ਹਨ।

# ਮਹਿਲਾ ਦੀ ਮੌਤ ਉਤੇ ਪਤੀ, ਸੱਸ ਤੇ ਸਹੁਰੇ ਖ਼ਿਲਾਫ਼ ਕੇਸ ਦਰਜ

ਕਪੂਰਥਲਾ, 9 ਮਈ (ਪੋਸਟ ਬਿਊਰੋ)- ਕੱਲ੍ਹ ਏਥੇ ਪ੍ਰਕਾਸ਼ ਐਵੇਨਿਊ ਖੇਤਰ ਵਿੱਚ ਇੱਕ ਨਵਵਿਆਹਿਤਾ ਮਹਿਲਾ ਦੀ ਮੌਤ ਦੇ ਕੇਸ ਬਾਰੇ ਦੇਰ ਰਾਤ ਪੁਲਸ ਨੇ ਇੱਕੋ ਪਰਵਾਰ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਪ੍ਰਕਾਸ਼ ਐਵੇਨਿਊ ਖੇਤਰ ਵਿੱਚ ਮਮਤਾ ਮਹਾਜਨ ਪਤਨੀ ਰਾਹੁਲ ਮਹਾਜਨ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋ ਗਈ ਸੀ। ਮ੍ਰਿਤਕਾ ਦੇ ਪੇਕੇ ਪਰਵਾਰ ਨੇ ਇਸ ਨੂੰ ਕਤਲ ਕਿਹਾ ਸੀ,ਪਰ ਸਹੁਰੇ ਪਰਵਾਰ ਨੇ ਇਸ ਨੂੰ ਆਤਮਹੱਤਿਆ ਦੱਸਿਆ ਸੀ। ਮ੍ਰਿਤਕਾ ਦੇ ਭਰਾ ਅਸ਼ਵਨੀ ਮਹਾਜਨ ਵਾਸੀ ਬੇਗੋਵਾਲ, ਜ਼ਿਲ੍ਹਾ ਪਠਾਨਕੋਟ ਨੇ ਕਿਹਾ ਕਿ ਉਸਦੀ ਭੈਣ ਮਮਤਾ ਮਹਾਜਨ ਦਾ ਵਿਆਹ ਕਰੀਬ 11 ਮਹੀਨੇ ਪਹਿਲੇ ਰਾਹੁਲ ਮਹਾਜਨ ਵਾਸੀ ਪ੍ਰਕਾਸ਼ ਐਵੇਨਿਊ ਦੇ ਨਾਲ ਹੋਇਆ ਸੀ।ਮਮਤਾ ਦੇ ਪਤੀ ਰਾਹੁਲ ਮਹਾਜਨ, ਸਹੁਰਾ ਨਰੇਸ਼ ਮਹਾਜਨ ਤੇ ਸੱਸ ਵੰਦਨਾ ਮਹਾਜਨ ਨੇ ਦਹੇਜ ਅਤੇ ਪੈਸਿਆਂ ਦੀ ਮੰਗ ਕਾਰਨ ਉਸ ਨੂੰ ਪਹਿਲਾਂ ਤੋਂ ਕਾਫੀ ਪ੍ਰੇਸ਼ਾਨ ਕੀਤਾ ਹੋਇਆ ਸੀ ਅਤੇ ਦੋਸ਼ੀਆਂ ਨੇ ਦਾਜ ਦੀ ਖਾਤਰ ਇੱਕ ਸਾਜਿਸ਼ ਦੇ ਤਹਿਤ ਉਸਦੀ ਭੈਣ ਨਾਲ ਕੁੱਟਮਾਰ ਕਰਕੇ ਅਤੇ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ ਹੈ।

# ਜਾਨਲੇਵਾ ਹਮਲਾ ਕਰਨ ਤੇ ਗੋਲੀ ਚਲਾਉਣ ਦੇ ਦੋਸ਼ ਵਿੱਚ 4 ਜਣਿਆਂ ਉੱਤੇ ਕੇਸ ਦਰਜ

ਫ਼ਿਰੋਜ਼ਪੁਰ, 9 ਮਈ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਆਸਲ ਵਿਖੇ ਹੋਏ ਝਗੜੇ ਵਿੱਚ ਜਾਨਲੇਵਾ ਹਮਲਾ ਕਰਨ ਤੇ ਗੋਲੀ ਚਲਾਉਣ ਦੇ ਦੋਸ਼ ਵਿੱਚ ਪੁਲਸ ਨੇ ਅਮਨਦੀਪ ਕੌਰ ਉਰਫ ਮਨੂ ਬਾਬਾ ਪੁੱਤਰੀ ਜਸਵੀਰ ਸਿੰਘ ਪਿੰਡ ਆਸਲ, ਸੁੱਖਾ ਸਿੰਘ ਪੁੱਤਰ ਗੁਰਚਰਨ ਸਿੰਘ, ਅਕਾਸ਼ਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਹਰਬੰਸ ਸਿੰਘ ਬਾਬਾ ਪੁੱਤਰ ਕਰਨੈਲ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਉਹ ਅਤੇ ਹੋਰ ਵਿਅਕਤੀ ਪਿੰਡ ਦੇ ਬਾਬਾ ਖੇਤਰਪਾਲ ਦੀ ਜਗ੍ਹਾ ਕੋਲ ਖੜ੍ਹੇ ਸਨ ਤਾਂ ਅਮਨਦੀਪ ਕੌਰ ਉਰਫ ਮਨੂੰ ਬਾਬਾ ਉਥੇ ਆਈ ਤੇ ਉਨ੍ਹਾਂ ਨੂੰ ਗਾਲੀ-ਗਲੋਚ ਕਰਨ ਲੱਗੀ ਤੇ ਕਹਿਣ ਲੱਗੀ ਕਿ ਬਾਬਾ ਖੇਤਰਪਾਲ ਦੀ ਜਗ੍ਹਾ ਉੱਤੇ ਨਵਾਂ ਸੇਵਾਦਾਰ ਬਿਠਾਉਣ ਦਾ ਪਤਾ ਦੱਸਦੀ ਹਾਂ, ਇੰਨੇ ਵਿੱਚ ਨਾਮਜ਼ਦ ਦੂਸਰੇ ਉਸਦੇ ਸਾਥੀ ਵੀ ਉਥੇ ਆ ਗਏ ਤੇ ਉਸਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ।ਸ਼ਿਕਾਇਤਕਰਤਾ ਅਨੁਸਾਰ ਅਕਾਸ਼ਦੀਪ ਨੇ ਉਸਦੇ ਸਿਰ ਉੱਤੇ ਕਾਪੇ ਨਾਲ ਵਾਰ ਕੀਤਾ ਤੇ ਸੁੱਖਾ ਸਿੰਘ ਨੇ ਆਪਣੀ ਪਿਸਤੌਲ ਨਾਲ ਉਸ ਨੂੰ ਮਾਰਨ ਦੀ ਨੀਤ ਨਾਲ ਉਸ ਉੱਤੇ ਫਾਇਰ ਕੀਤੇ, ਜੋ ਉਸ ਕੋਲੋਂ ਲੰਘ ਗਏ ਅਤੇ ਫਿਰ ਇੱਕ ਫਾਇਰ ਕੀਤਾ, ਜੋ ਉਸ ਦੇ ਭਤੀਜੇ ਆਕਾਸ਼ਦੀਪ ਦੇ ਢਿੱਡ ਵਿੱਚ ਲੱਗਾ ਤੇ ਹਰਬੰਸ ਸਿੰਘ ਨੇ ਇੱਟ ਸ਼ਿਕਾਇਤਕਰਤਾ ਦੇ ਮਾਰੀ।ਜ਼ਖ਼ਮੀਆਂ ਵਿੱਚੋਂ ਇੱਕ ਨੂੰ ਫਰੀਦਕੋਟ ਦੇ ਮੈਡੀਕਲ ਕਾਲਜ ਅਤੇ ਦੂਜੇ ਨੂੰ ਪੀ ਜੀ ਆਈ ਵਿੱਚ ਦਾਖਲ ਕਰਵਾਇਆ ਗਿਆ ਹੈ।

# ਕਰਜਾਈ ਮੈਡੀਕਲ ਪ੍ਰੈਕਟੀਸ਼ਨਰ ਨੇ ਖੁਦਕੁਸ਼ੀ ਕਰ ਲਈ



ਅੰਮ੍ਰਿਤਸਰ, 9 ਮਈ (ਪੋਸਟ ਬਿਊਰੋ)- ਪੁਲਸ ਥਾਣਾ ਘਰਿੰਡਾ ਦੇ ਪਿੰਡ ਲੱਧੇਵਾਲ ਦੇ ਮੈਡੀਕਲ ਪ੍ਰੈਕਟੀਸ਼ਨਰ ਪ੍ਰੀਤਪਾਲ ਸਿੰਘ ਨੇ ਸ਼ੁੱਕਰਵਾਰ ਸ਼ਾਮ ਸੂਦਖੋਰਾਂ ਤੋਂ ਪ੍ਰੇਸ਼ਾਨ ਹੋ ਕੇ ਫਾਂਸੀ ਲਾ ਕੇ ਆਤਮਹੱਤਿਆ ਕਰ ਲਈ।

ਲੱਧੇਵਾਲ ਦੇ ਵਸਨੀਕ ਸੁਖਵਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਪੁਲਸ ਨੇ ਜਠੌਲ ਪਿੰਡ ਦੇ ਜਗਦੀਪ ਸਿੰਘ, ਕਟੜਾ ਸ਼ੇਰ ਸਿੰਘ ਦੇ ਸਵਾਮੀ ਮੈਡੀਕਲ ਸਟੋਰ ਦੇ ਮਾਲਕ ਪੰਕਜ ਅਰੋੜਾ, ਪਰਵੇਜ਼, ਕੰਵਲਜੀਤ ਸਿੰਘ, ਖਾਸਾ ਦੇ ਸੁਖਰਾਜ ਸਿੰਘ, ਰਾਜਤਾਲ ਵਾਸੀ ਬਿੱਟੂ, ਗੁਰ-ਦੇਵ ਸਿੰਘ ਤੇ ਮਲਕੀਤ ਨੂੰ ਨਾਮਜ਼ਦ ਕੀਤਾ ਹੈ। ਸੁਖਵਿੰਦਰ ਨੇ ਦੱਸਿਆ ਕਿ ਉਸ ਦਾ ਭਰਾ 47 ਸਾਲਾ ਪ੍ਰੀਤਪਾਲ ਸਿੰਘ ਬਤੌਰ ਮੈਡੀਕਲ ਪ੍ਰੈਕਟੀਸ਼ਨਰ ਜਠੌਲ ਵਿੱਚ ਕਲੀਨਿਕ ਚਲਾਉਂਦਾ ਸੀ। ਪ੍ਰੀਤਪਾਲ ਨੇ ਬੇਟੀ ਦੇ ਵਿਆਹ ਲਈ ਉਨ੍ਹਾਂ ਲੋਕਾਂ ਤੋਂ ਦਸ ਲੱਖ ਰੁਪਏ ਵਿਆਜ ਉੱਤੇ ਲਏ ਸਨ। ਕੁਝ ਸਮੇਂ ਤਕ ਕਰਜ਼ੇ ਦੀ ਰਕਮ ਮੋੜੀ ਅਤੇ ਬਾਅਦ ਵਿੱਚ ਭੁਗਤਾਨ ਨਹੀਂ ਕਰ ਸਕਿਆ। ਸੁਖਵਿੰਦਰ ਨੇ ਦੱਸਿਆ ਕਿ ਉਹ ਲੋਕ ਪ੍ਰੀਤਪਾਲ ਨੂੰ ਪੈਸੇ ਮੋੜਨ ਦੇ ਲਈ ਪ੍ਰੇਸ਼ਾਨ ਕਰ ਰਹੇ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਭਾਰਤ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਐਮ ਪੀਜ਼ ਦੀ ਵੋਟ ਦਾ ਮੁੱਲ ਇਸ ਵਾਰੀ ਘਟ ਸਕਦੈ

### * ਜੰਮੂ-ਕਸ਼ਮੀਰ ਵਿਧਾਨ ਸਭਾ ਨਾ ਹੋਣ ਕਾਰਨ ਵੀ ਅਸਰ ਪਵੇਗਾ

ਨਵੀਂ ਦਿੱਲੀ, 9 ਮਈ (ਪੋਸਟ ਬਿਊਰੋ)- ਇਸ ਵਾਰੀ ਜੁਲਾਈ ਮਹੀਨੇ ਹੋਣ ਵਾਲੀ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਮੌਕੇ ਇੱਕ ਪਾਰਲੀਮੈਂਟ ਮੈਂਬਰ ਦੀ ਵੋਟ ਦਾ ਮੁੱਲ 708 ਤੋਂ ਘਟ ਕੇ 700 ਰਹਿਣ ਦੀ ਸੰਭਾਵਨਾ ਹੈ।


ਚੋਣਾਂ ਨਾਲ ਜੁੜੇ ਅਧਿਕਾਰੀਆਂ ਨੇ ਦੱਸਿਆ ਕਿ ਰਾਸ਼ਟਰਪਤੀ ਚੋਣ ਲਈ ਪਾਰਲੀਮੈਂਟ ਮੈਂਬਰਾਂ ਦੀ ਵੋਟ ਦਾ ਮੁੱਲ ਘਟਣ ਦਾ ਕਾਰਨ ਜੰਮੂ-ਕਸ਼ਮੀਰ ਵਿਧਾਨ ਸਭਾ ਨਾ ਹੋਣਾ ਹੈ। ਰਾਸ਼ਟਰਪਤੀ ਚੋਣ ਵਿੱਚ ਹਰਪਾਰਲੀਮੈਂਟਮੈਂਬਰ ਦੀ ਵੋਟ ਦਾ ਮੁੱਲ ਦਿੱਲੀ, ਪੁੱਡੂਚੇਰੀ ਅਤੇ ਜੰਮੂ ਕਸ਼ਮੀਰ ਸਮੇਤ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ ਲਈ ਚੁਣੇ ਹੋਏ ਮੈਂਬਰਾਂ ਦੀ ਗਿਣਤੀ ਉੱਤੇ ਆਧਾਰਤ ਹੁੰਦਾ ਹੈ। ਇਸ ਚੋਣ ਵਿੱਚ ਲੋਕ ਸਭਾ ਅਤੇ ਰਾਜ ਸਭਾ ਅਤੇ ਦਿੱਲੀ, ਪੁੱਡੂਚੇਰੀ ਅਤੇ ਜੰਮੂ-ਕਸ਼ਮੀਰ ਸਣੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰ ਵੋਟਿੰਗ ਕਰਦੇ ਹਨ। ਅਗਸਤ 2019 ਵਿੱਚ ਲੱਦਾਖ ਅਤੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਣ ਤੋਂ ਪਹਿਲਾਂ ਓਦੋਂ ਦੇ ਜੰਮੂ-ਕਸ਼ਮੀਰ ਸੂਬੇ ਵਿੱਚ 83 ਵਿਧਾਨ ਸਭਾ ਸੀਟਾਂ ਸਨ। ਜੰਮੂ-ਕਸ਼ਮੀਰ ਪੁਨਰਗਠਨ ਕਾਨੂੰਨ ਮੁਤਾਬਕ ਜੰਮੂ-ਕਸ਼ਮੀਰ ਵਿੱਚ ਅੱਗੇ ਤੋਂ ਵਿਧਾਨ ਸਭਾ ਹੋਵੇਗੀ, ਪਰ ਲੱਦਾਖ ਉੱਤੇ ਸਿੱਧਾ ਕੇਂਦਰ ਦਾ ਸ਼ਾਸਨ ਹੋਵੇਗਾ। ਕੇਂਦਰ ਸਰਕਾਰ ਨੇ ਐਲਾਨ ਕੀਤਾ ਸੀ ਕਿ ਵਿਧਾਨ ਸਭਾ ਖੇਤਰਾਂ ਦੀ ਹੱਦਬੰਦੀ ਪੂਰੀ ਹੋਣ ਮਗਰੋਂ ਜੰਮੂ-ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਹੋਣਗੀਆਂ।




ਜੰਮੂ-ਕਸ਼ਮੀਰ ਸਰਕਾਰ ਨੇ ਪਿਛਲੇ ਹਫਤੇ ਆਪਣੇ ਅੰਤਿਮ ਹੁਕਮ ਨੋਟੀਫਾਈ ਕੀਤਾ ਹੈ, ਜਿਸ ਵਿੱਚ ਚੋਣ ਕਮਿਸ਼ਨ ਵੱਲੋਂ ਇਸ ਕੇਂਦਰ ਸ਼ਾਸਤ ਪ੍ਰਦੇਸ਼ ਲਈ ਨੱਬੇ ਮੈਂਬਰੀ ਵਿਧਾਨ ਸਭਾ ਦੀ ਸਿਫਾਰਸ਼ ਕੀਤੀ ਗਈ ਹੈ, ਪਰ ਇਸ ਇਸ ਦੀ ਚੋਣ ਨੂੰ ਕੁਝ ਸਮਾਂ ਲੱਗ ਸਕਦਾ ਹੈ।ਇਹ ਪਹਿਲੀ ਵਾਰ ਨਹੀਂ ਕਿ ਕਿਸੇ ਸੂਬੇ ਦੇ ਵਿਧਾਇਕ ਰਾਸ਼ਟਰਪਤੀ ਚੋਣਾਂ ਵਿੱਚ ਹਿੱਸਾ ਨਹੀਂ ਲੈ ਸਕਣਗੇ। ਪਹਿਲਾਂ 1974 ਵਿੱਚ 182 ਮੈਂਬਰੀ ਗੁਜਰਾਤ ਵਿਧਾਨ ਸਭਾ ਨੂੰ ਨਵ-ਨਿਰਮਾਣ ਅੰਦੋਲਨ ਵੇਲੇ ਮਾਰਚ ਵਿੱਚ ਭੰਗ ਕਰ ਦਿੱਤਾ ਗਿਆ ਅਤੇ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਗੁਜਰਾਤ ਵਿਧਾਨ ਸਭਾ ਨਹੀਂ ਸੀ ਬਣਾਈ ਜਾ ਸਕੀ। ਉਦੋਂ ਫਖਰੂਦੀਨ ਅਲੀ ਅਹਿਮਦ ਰਾਸ਼ਟਰਪਤੀ ਚੁਣੇ ਗਏ ਸਨ।

ਇਸ ਵਾਰੀ ਜੰਮੂ ਕਸ਼ਮੀਰ ਰਾਸ਼ਟਰਪਤੀ ਚੋਣਾਂ ਵਿੱਚੋਂ ਅਸਲੋਂ ਗੈਰ ਹਾਜ਼ਰ ਨਹੀਂ ਰਹੇਗਾ, ਇਸ ਦੇ ਪਾਰਲੀਮੈਂਟ ਮੈਂਬਰ ਰਾਸ਼ਟਰਪਤੀ ਚੋਣ ਲਈ ਆਪਣੀ ਵੋਟ ਦੀ ਵਰਤੋਂ ਕਰਨ ਦੇ ਯੋਗ ਹੋਣਗੇ।ਸਾਲ 1997 ਵਿੱਚ ਰਾਸ਼ਟਰਪਤੀ ਚੋਣਾਂ ਵੇਲੇਪਾਰਲੀਮੈਂਟ ਮੈਂਬਰ ਦੀ ਵੋਟ ਦਾ ਮੁੱਲ 708 ਤੈਅ ਕੀਤਾ ਗਿਆ ਸੀ। ਪਹਿਲੀ 1952 ਦੀ ਚੋਣ ਵੇਲੇ ਰਾਸ਼ਟਰਪਤੀ ਹਰ ਪਾਰਲੀਮੈਂਟ ਮੈਂਬਰ ਦੀ ਵੋਟ ਦਾ ਮੁੱਲ 494 ਬਣਿਆ ਸੀ। ਮੌਜੂਦਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦਾ ਕਾਰਜਕਾਲ 24 ਜੁਲਾਈ ਨੂੰ ਪੂਰਾ ਹੋਣਾ ਹੈ ਅਤੇ ਇਸ ਤੋਂ ਪਹਿਲਾਂ ਨਵੇਂ ਰਾਸ਼ਟਰਪਤੀ ਦੀ ਚੋਣ ਕਰਵਾਈ ਜਾਣੀ ਹੈ।

# ਸੋਲੋਮਨ ਟਾਪੂ ਨੇ ਚੀਨ ਨੂੰ ਪਾਸੇ ਕਰ ਕੇ ਆਸਟ੍ਰੇਲੀਆ ਨਾਲ ਸਮਝੌਤਾ ਕਰ ਲਿਆ



ਕੈਨਬਰਾ, 9 ਮਈ (ਪੋਸਟ ਬਿਊਰੋ)- ਆਸਟ੍ਰੇਲੀਆ ਅਤੇ ਸੋਲੋਮਨ ਟਾਪੂ ਦੇ ਨੇਤਾਵਾਂ ਦੀ ਗੱਲਬਾਤ ਨਾਲ ਚੀਨ ਦੀਆਂ ਇੱਛਾਵਾਂ ਉੱਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ। ਸੋਲੋਮਾਨ ਟਾਪੂ ਨੇ ਐਲਾਨ ਕੀਤਾ ਹੈ ਕਿ ਉਹ ਆਪਣੀ ਧਰਤੀ ਉੱਤੇ ਕਿਸੇ ਨੂੰ ਵੀ ਵਿਦੇਸ਼ੀ ਫ਼ੌਜੀ ਟਿਕਾਣੇ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗਾ।

ਇਸ ਐਲਾਨ ਨੂੰ ਚੀਨ ਦੀ ਵੱਡੀ ਕੂਟਨੀਤਕ ਹਾਰ ਮੰਨਿਆ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਚੀਨ ਨੇ ਸੋਲੋਮਾਨ ਟਾਪੂ ਨਾਲ ਨਵੇਂ ਸੁਰੱਖਿਆ ਸਮਝੌਤੇ ਦਾ ਐਲਾਨ ਕਰ ਕੇ ਦਾਅਵਾ ਕੀਤਾ ਸੀ ਕਿ ਇਸ ਟਾਪੂ ਵਿੱਚ ਸ਼ਾਂਤੀ ਅਤੇ ਸਥਿਰਤਾ ਦੇ ਉਦੇਸ਼ ਨਾਲ ਇਹ ਸਮਝੌਤਾ ਆਪਸੀ ਲਾਭਕਾਰੀ ਹੈ। ਇਸਦੇ ਬਾਅਦ ਆਸਟ੍ਰੇਲੀਆ, ਅਮਰੀਕਾ, ਨਿਊਜ਼ੀਲੈਂਡ ਅਤੇ ਜਾਪਾਨ ਨੇ ਇਸ ਸਮਝੌਤੇ ਉੱਤੇ ਇਤਰਾਜ਼ ਪ੍ਰਗਟਾਇਆ ਸੀ।ਸੁਰੱਖਿਆ ਸੌਦੇ ਬਾਰੇ ਸੋਲੋਮਾਨ ਟਾਪੂ ਦੇ ਵਿਦੇਸ਼ ਮੰਤਰੀ ਨਾਲ ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਨੇ ਪਹਿਲੀ ਵਾਰ ਮੁਲਾਕਾਤ ਕੀਤੀ ਅਤੇ ਆਸਟ੍ਰੇਲੀਆ ਨੇ ਅਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ। ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਪੂਰਬੀ ਤੱਟਵਰਤੀ ਸ਼ਹਿਰ ਬ੍ਰਿਸਬੇਨ ਵਿੱਚ ਸੋਲੋਮਨ ਟਾਪੂ ਵਿਕਾਸ ਯੋਜਨਾ ਅਤੇ ਸਹਾਇਤਾ ਤਾਲਮੇਲ ਮੰਤਰੀ ਨਾਲ ਮੁਲਾਕਾਤ ਕੀਤੀ।

ਚੀਨ ਨੇ ਇਸ ਬੈਠਕ ਉਤੇ ਅਜੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।ਇੱਕ ਬਿਆਨ ਵਿੱਚ ਆਸਟ੍ਰੇਲੀਆ ਨੇ ਕਿਹਾ ਕਿ ਅਸੀਂਹਮੇਸ਼ਾ ਸੋਲੋਮਨ ਟਾਪੂ ਦੀ ਪ੍ਰਭੂਸੱਤਾ ਅਤੇ ਫ਼ੈਸਲੇ ਲੈਣ ਦੀ ਆਜ਼ਾਦੀ ਦਾ ਸਨਮਾਨ ਕਰਦੇ ਹਾਂ, ਪਰ ਚੀਨ ਨਾਲ ਸੁਰੱਖਿਆ ਸਮਝੌਤੇ ਵਿੱਚ ਪਾਰਦਰਸ਼ਤਾ ਦੀ ਕਮੀ ਸਮੇਤ ਉਨ੍ਹਾਂ ਦੇ ਨੇਤਾਵਾਂ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਹੈ। ਦੋਵੇਂ ਨੇਤਾ ਇਸ ਗੱਲ ਉਤੇ ਸਹਿਮਤ ਹੋਏ ਕਿ ਆਸਟ੍ਰੇਲੀਆ ਸੋਲੋਮਨ ਟਾਪੂ ਦਾ ਮਜ਼ਬੂਤ ਅਤੇ ਭਰੋਸੇਮੰਦ ਸੁਰੱਖਿਆ ਭਾਈਵਾਲ ਬਣਿਆ ਰਹੇਗਾ ਅਤੇ ਸੋਲੋਮਨ ਟਾਪੂ ਆਸਟ੍ਰੇਲੀਆ ਦੇ ਉਤਰ-ਪੂਰਬੀ ਤੱਟ ਤੋਂ 2,000 ਕਿਲੋਮੀਟਰ ਤੋਂ ਘੱਟ ਦੂਰੀ ਉ/ਤੇ ਕੋਈ ਵਿਦੇਸ਼ੀ ਫ਼ੌਜੀ ਬੇਸ ਸਥਾਪਤ ਨਹੀਂ ਹੋਣ ਦੇਵੇਗਾ।

# ਗਰਭਪਾਤ ਅਧਿਕਾਰ ਦੀ ਮੰਗ ਕਰਦੇ ਲੋਕਾਂ ਨੇ ਅਮਰੀਕੀ ਸ਼ਹਿਰਾਂ ਵਿੱਚ ਰੈਲੀਆਂ ਕੱਢੀਆਂ







ਸ਼ਿਕਾਗੋ, 9 ਮਈ (ਪੋਸਟ ਬਿਊਰੋ)- ਗਰਭਪਾਤ ਦੇ ਅਧਿਕਾਰ ਦੀ ਮੰਗ ਕਰਦੇ ਵਿਖਾਵਾਕਾਰੀਆਂ ਨੇ ਕੱਲ੍ਹ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਰੈਲੀਆਂ ਕੱਢੀਆਂ ਅਤੇ ਆਪਣੀ ਮੰਗ ਉਠਾਈ।

ਗਰਭਪਾਤ ਦਾ ਹੱਕ ਇਸ ਦੇਸ਼ ਵਿੱਚ ਔਰਤਾਂ ਲਈ ਇੱਕ ਕਾਨੂੰਨੀ ਬਦਲ ਬਣਿਆ ਰਹੇ, ਇਸ ਨੂੰ ਯਕੀਨੀ ਕਰਨ ਲਈ ਵਿਖਾਵਾਕਾਰੀਆਂ ਨੇ ਇਸ ਦੇ ਸਮੱਰਥਨ ਵਿੱਚ ਲੜਾਈ ਜਾਰੀ ਰੱਖਣ ਦਾ ਪ੍ਰਣ ਕੀਤਾ। ਗਰਭਪਾਤ ਦੇ ਅਧਿਕਾਰ ਦੇ ਸਮਰਥਨ ਵਿੱਚ ਸੈਂਕੜੇ ਲੋਕ ਸ਼ਿਕਾਗੋ, ਐਟਲਾਂਟਾ, ਹਿਊਸਟਨ ਅਤੇ ਹੋਰ ਸ਼ਹਿਰਾਂ ਵਿੱਚ ਇਕੱਠੇ ਹੋਏ। ਇਹ ਪ੍ਰਦਰਸ਼ਨ ਉਸ ਸਮੇਂ ਹੋਇਆ, ਜਦੋਂ ਅਮਰੀਕਾ ਦੀ ਸੁਪਰੀਮ ਕੋਰਟ ਦੀ ਇਹ ਰਾਏ ਜਨਤਾ ਸਾਹਮਣੇ ਲੀਕ ਹੋ ਗਈ ਹੈ, ਜਿਸ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਅਦਾਲਤ 1973 ਦੇ 'ਰੋ ਵੀ ਵੇਡ' ਕੇਸ ਨੂੰ ਪਲਟਣ ਲਈ ਤਿਆਰ ਹੈ, ਜਿਸਨੇ ਦੇਸ਼ਵਿੱਚ ਗਰਭਪਾਤ ਨੂੰ ਜਾਇਜ਼ ਕਰਾਰ ਦਿੱਤਾ ਸੀ।ਕੋਰਟਸ ਮੈਟਰ ਇਲੀਨੋਈਸ ਨੇ ਸ਼ਿਕਾਗੋ ਵਿੱਚ ਰੈਲੀ ਦੌਰਾਨ ਡਬਲਯੂ ਐਮ ਏ ਕਿਊ-ਟੀ ਵੀ ਨੂੰ ਕਿਹਾ ਕਿ ਇਹ ਸੋਚਣ ਵਾਲੀ ਗੱਲ ਹੈ ਕਿ ਔਰਤਾਂ ਕੀ ਕਰ ਸਕਦੀਆਂ ਹਨ ਤੇ ਕੀ ਨਹੀਂ, ਇਸ ਨੂੰ ਲੋਕ ਵੀ ਕੰਟਰੋਲ ਕਰਨਾ ਚਾਹੁੰਦੇ ਹਨ। ਹਿਊਸਟਨ ਵਿੱਚ ਹਜ਼ਾਰਾਂ ਲੋਕਾਂ ਨੇ ਪ੍ਰਜਨਣ ਅਧਿਕਾਰ ਰੈਲੀ ਵਿੱਚ ਹਿੱਸਾ ਲਿਆ, ਜਿਸਦਾ ਸਿਰਲੇਖ 'ਡੈਮੋਕ੍ਰੇਟ ਬੇਟੋ ਓ ਰੁਰਕੇ' ਸੀ।

# ਪਾਰਲੀਮੈਂਟ ਮੈਂਬਰ ਨਵਨੀਤ ਰਾਣਾ ਵੱਲੋਂ ਮੁੱਖ ਮੰਤਰੀ ਊਧਵ ਠਾਕਰੇ ਨੂੰ ਚੋਣ ਲੜਨ ਦੀ ਚੁਣੌਤੀ



ਮੁੰਬਈ, 9 ਮਈ (ਪੋਸਟ ਬਿਊਰੋ)- ਮਹਾਰਾਸ਼ਟਰ ਤੋਂ ਆਜ਼ਾਦ ਪਾਰਲੀਮੈਂਟ ਮੈਂਬਰ ਨਵਨੀਤ ਰਾਣਾ ਨੇ ਉਸ ਰਾਜ ਵਿੱਚ ਮੁੱਖ ਮੰਤਰੀ ਊਧਵ ਠਾਕਰੇ ਨੂੰ ਆਪਣੇ ਖਿਲਾਫ ਚੋਣ ਲੜਨ ਦੀ ਚੁਣੌਤੀ ਦਿੱਤੀ ਹੈ। ਰਾਣਾ ਅਤੇ ਉਸ ਦੇ ਵਿਧਾਇਕ ਪਤੀ ਰਵੀ ਰਾਣਾ ਨੂੰ ਹਨੂੰਮਾਨ ਚਾਲੀਸਾ ਵਿਵਾਦ ਵਿੱਚ ਪਿੱਛੇ ਜਿਹੇ ਜ਼ਮਾਨਤ ਮਿਲੀ ਹੈ। ਪਾਰਲੀਮੈਂਟ ਮੈਂਬਰ ਨਵਨੀਤਰਾਣਾ ਨੇ ਕਿਹਾ ਕਿ ਊਧਵਠਾਕਰੇ ਕਦੇ ਸੂਬਾਈ ਅਸੈਂਬਲੀ ਦੇ ਮੈਂਬਰ ਨਹੀਂ ਰਹੇ।

ਮੁੰਬਈ ਦੀ ਵਿਸ਼ੇਸ਼ ਕੋਰਟ ਨੇ ਰਾਣਾ ਜੋੜੇ ਨੂੰ ਚਾਰ ਮਈ ਨੂੰ ਜ਼ਮਾਨਤ ਦਿੱਤੀ ਸੀ। ਦੋਵੇਂ ਪੰਜ ਮਈ ਨੂੰ ਜੇਲ੍ਹ ਵਿੱਚੋਂ ਨਿਕਲੇ ਸਨ, ਜਿਸ ਪਿੱਛੋਂ ਨਵਨੀਤ ਰਾਣਾ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ ਸੀ। ਰਾਣਾ ਦੇ ਵਕੀਲ ਮੁਤਾਬਕ ਉਨ੍ਹਾਂ ਦੀ ਕਲਾਈਂਟ ਨੇ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਕੀਤੀ ਸੀ। ਹਸਪਤਾਲ ਤੋਂ ਛੁੱਟੀ ਮਿਲਣ ਮਗਰੋਂ ਨਵਨੀਤ ਰਾਣਾ ਨੇ ਕਿਹਾ, "ਮੈਂ ਊਧਵ ਠਾਕਰੇ ਨੂੰ ਚੁਣੌਤੀ ਦਿੰਦੀ ਹਾਂ ਕਿ ਉਹ ਕੋਈ ਵੀ ਹਲਕਾ ਚੁਣ ਲੈਣ ਤੇ ਸਿੱਧੇ ਉਥੋਂ ਚੁਣ ਕੇ ਆਉਣ। ਮੈਂ ਪੂਰੀ ਇਮਾਨਦਾਰੀ ਨਾਲ ਸਖਤ ਮਿਹਨਤ ਕਰਾਂਗੀ ਤੇ ਚੋਣ ਜਿੱਤਾਂਗੀ ਤੇ ਉਨ੍ਹਾਂ (ਊਧਵ ਠਾਕਰੇ) ਨੂੰ ਲੋਕਾਂ ਦੀ ਤਾਕਤ ਦਾ ਪਤਾ ਲੱਗੇਗਾ।" ਉਸ ਨੇ ਕਿਹਾ, "ਮੈਂ ਕੀ ਅਪਰਾਧ ਕੀਤਾ ਸੀ, ਜਿਸ ਲਈ ਮੈਨੂੰ 14 ਦਿਨ ਜੇਲ੍ਹ ਵਿੱਚ ਰੱਖਿਆ ਸੀ? ਤੁਸੀਂ ਮੈਨੂੰ 14 ਸਾਲ ਜੇਲ੍ਹ ਵਿੱਚ ਰੱਖ ਸਕਦੇ ਹੋ, ਪਰ ਮੈਂ ਭਗਵਾਨ ਰਾਮ ਅਤੇ ਹਨੂੰਮਾਨ ਦਾ ਜਾਪ ਕਰਨਾ ਨਹੀਂ ਛੱਡਾਂਗੀ। ਮੁੰਬਈਕਰ (ਮੁੰਬਈ ਦੇ ਲੋਕ) ਅਤੇ ਭਗਵਾਨ ਰਾਮ ਨਿਗਮ ਚੋਣਾਂ ਵਿੱਚ ਸ਼ਿਵ ਸੈਨਾ ਨੂੰ ਸਬਕ ਸਿਖਾਉਣਗੇ?"

# ਮਜ਼ਦੂਰ ਯੂਨੀਅਨ ਦਾ ਫੈਕਟਰੀ ਉਤੇ ਹਮਲਾ, 19 ਪੁਲਸ ਵਾਲੇ ਜ਼ਖਮੀ



ਪਾਲਘਰ, 9 ਮਈ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਇੱਕ ਸਟੀਲ ਫੈਕਟਰੀ ਵਿੱਚ ਭੀੜ ਦੇ ਹਮਲੇ ਵਿੱਚ 19 ਪੁਲਸ ਵਾਲੇ ਜ਼ਖਮੀ ਹੋ ਗਏ ਅਤੇ ਪੁਲਸ ਦੇ 12 ਵਾਹਨਾਂ ਦੀ ਭੰਨ-ਤੋੜ ਹੋਈ, ਇਸ ਕੇਸ ਵਿੱਚ 27 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਇਹ ਘਟਨਾ ਪਾਲਘਰ ਜ਼ਿਲ੍ਹੇ ਦੇ ਬੋਇਸਰ ਕਸਬੇ ਦੇ ਉਦਯੋਗਿਕ ਖੇਤਰ ਵਿਚਲੀ ਸਟੀਲ ਕੰਪਨੀ ਦੀ ਫੈਕਟਰੀ ਵਿੱਚ ਬੀਤੇ ਸ਼ਨੀਵਾਰ ਵਾਪਰੀ। ਇੱਕ ਮਜ਼ਦੂਰ ਯੂਨੀਅਨ ਦੇ ਸੌ ਤੋਂ ਵੱਧ ਮੈਂਬਰਾਂ ਨੇ ਸਟੀਲ ਕੰਪਨੀ ਦੇ ਮੁਲਾਜ਼ਮਾਂ ਉੱਤੇ ਹਮਲਾ ਕਰ ਦਿੱਤਾ ਤਾਂ ਪੁਲਸ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ।ਜਦੋਂ ਪੁਲਸ ਦੀ ਇੱਕ ਟੀਮ ਉਥੇ ਗਈ ਤਾਂ ਭੀੜ ਨੇ ਸੁਰੱਖਿਆ ਜਵਾਨਾਂ ਉੱਤੇ ਪੱਥਰਬਾਜ਼ੀ ਕੀਤੀ। ਹਮਲਾਵਰਾਂ ਦੇ ਖਿਲਾਫ ਇਰਾਦਾ ਕਤਲ, ਦੰਗੇ ਉੱਤੇ ਅਪਰਾਧਕ ਸਾਜ਼ਿਸ਼ ਸਮੇਤ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ। ਪੁਲਸ ਦੇ ਬੁਲਾਰੇ ਨੇ ਦਸਿਆ ਕਿ ਫੈਕਟਰੀ ਵਿੱਚ ਸੁਰੱਖਿਆ ਵਧਾਈ ਗਈ ਹੈ। ਸਥਿਤੀ ਤਣਾਅਪੂਰਨ ਬਣੀ ਹੋਈ ਹੈ, ਪਰ ਕਾਬੂ ਹੇਠ ਹੈ। ਅਧਿਕਾਰੀ ਨੇ ਕਿਹਾ ਕਿ ਕੰਪਨੀ ਵਿੱਚ ਮਜ਼ਦੂਰ ਯੂਨੀਅਨ ਦਾ ਕੋਈ ਮਸਲਾ ਲੰਮੇ ਸਮੇਂ ਤੋਂ ਚੱਲ ਰਿਹਾ ਹੈ।

## ਮੁਸਲਿਮ ਕੁੜੀ ਨਾਲ ਵਿਆਹ ਕਰਨ ਵਾਲੇ ਦਲਿਤ ਦੇ ਕਤਲ ਦਾ ਮੁੱਦਾ ਰਾਜ ਭਵਨ ਪੁੱਜਾ

ਹੈਦਰਾਬਾਦ, 9 ਮਈ (ਪੋਸਟ ਬਿਊਰੋ)- ਤੇਲੰਗਾਨਾ ਵਿੱਚ ਮੁਸਲਿਮ ਲੜਕੀ ਆਸ਼ਰੀਨ ਸੁਲਤਾਨਾ ਉਰਫ ਪੱਲਵੀ ਨਾਲ ਵਿਆਹ ਕਰਨ ਵਾਲੇ ਦਲਿਤ ਨੌਜਵਾਨ ਬੀ ਨਾਗਰਾਜੂ ਦੀ ਹੱਤਿਆ ਦਾ ਮੁੱਦਾ ਰਾਜ ਭਵਨ ਪਹੁੰਚ ਗਿਆ ਹੈ। ਕੱਲ੍ਹ ਸੂਬਾ ਭਾਜਪਾ ਅਨੁਸੂਚਿਤ ਜਾਤੀ (ਐਸ ਸੀ) ਮੋਰਚਾ ਨੇ ਗਵਰਨਰ ਤਮਿਲਸਾਈਂ ਸੌਂਦਰਾਜਨ ਨਾਲ ਮੁਲਾਕ-ਾਤ ਕੀਤੀ ਅਤੇ ਸੂਬੇ ਦੀ ਪੁਲਸ ਨੂੰ ਇਸ ਕੇਸ ਦੀ ਵਿਸਥਾਰ ਨਾਲ ਜਾਂਚ ਕਰਨ ਦੇ ਹੁਕਮ ਦੇਣ ਦੀ ਅਪੀਲ ਕੀਤੀ।

ਵਰਨਣ ਯੋਗ ਹੈ ਕਿ ਹੈਦਰਬਾਦ ਵਿੱਚ ਬੀਤੇ ਬੁੱਧਵਾਰ ਰਾਤ 25 ਸਾਲਾ ਨਾਗਰਾਜੂ ਨੂੰ ਉਸ ਦੀ ਪਤਨੀ ਆਸ਼ਰੀਨ ਦੇ ਭਰਾ ਸੈਯਦ ਮੋਬਿਨ ਅਹਿਮਦ ਤੇ ਉਸ ਦੇ ਸਾਥੀ ਮੁਹੰਮਦ ਮਸੂਦ ਅਹਿਮਦ ਨੇ ਕਤਲ ਕਰ ਦਿੱਤਾ ਸੀ। ਪੁਲਸ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਭਾਜਪਾ ਨੇਤਾਵਾਂ ਦਾ ਦਾਅਵਾ ਹੈ ਕਿ ਇਹ ਝੂਠੀ ਸ਼ਾਨ ਵਿੱਚ ਕਤਲ ਦਾ ਮਾਮਲਾ ਹੈ। ਆਸ਼ਰੀਨ ਦੇ ਘਰ ਵਾਲੇ ਨਾਗਰਾਜੂ ਨਾਲ ਉਸ ਦੇ ਵਿਆਹ ਦੇ ਖਿਲਾਫ ਸਨ। ਇਸ ਲਈ ਉਨ੍ਹਾਂ ਨੇ ਨਾਗਰਾਜੂ ਦੀ ਹੱਤਿਆ ਕਰ ਦਿੱਤੀ। ਭਾਜਪਾ ਐਸ ਸੀ ਮੋਰਚਾ ਨੇ ਨਾਲ ਹੀ ਕਿਹਾ ਕਿ ਪੀੜਤ ਪਰਵਾਰ ਨੂੰ ਆਰਥਿਕ ਮਦਦ ਦੇਣ ਦੇ ਨਾਲ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਜਾਂ ਸਰਕਾਰੀ ਮਦਦ ਦਿੱਤੀ ਜਾਏ।

### ਸੰਜੇ ਰਾਊਤ ਨੇ ਚੋਭ ਲਾਈ

# ਹਿਟਲਰ ਦੀ ਪ੍ਰਸ਼ੰਸਾ ਕਰਨ ਵਾਲੇ ਨੂੰ ਦੇਸ਼-ਧ੍ਰੋਹੀ ਨਹੀਂ ਕਿਹਾ ਜਾ ਸਕਦਾ



ਮੁੰਬਈ, 9 ਮਈ (ਪੋਸਟ ਬਿਊਰੋ)- ਸ਼ਿਵ ਸੈਨਾ ਆਗੂ ਸੰਜੇ ਰਾਊਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਰਮਨ ਤਾਨਾਸ਼ਾਹ ਅਡੋਲਫ ਹਿਟਲਰ ਨੂੰ ਬਹੁਤ ਮੰਨਦੇ ਹਨ ਤੇ ਉਹ ਵੀ ਕਈ ਤਰ੍ਹਾਂ ਦੇ ਸਮਾਗਮ ਕਰਦਾ ਰਹਿੰਦਾ ਸੀ। ਰਾਊਤ ਨੇ ਵਿਅੰਗ ਕੀਤਾ ਕਿ ਅੱਜ ਜੇ ਕੋਈ ਹਿਟਲਰ ਦੀ ਪ੍ਰਸ਼ੰਸਾ ਕਰੇ ਤਾਂ ਇਸ ਨੂੰ ਦੇਸ਼-ਧ੍ਰੋਹ ਨਹੀਂ ਮੰਨਿਆ ਜਾ ਸਕਦਾ।

ਇਹੀ ਨਹੀਂ, ਸ਼ਿਵ ਸੈਨਾ ਆਗੂ ਸੰਜੇ ਰਾਊਤ ਨੇ ਕਿਹਾ ਕਿ ਉਹ ਨਰਿੰਦਰ ਮੋਦੀ ਦੀ ਨਿੰਦਾ ਨਹੀਂ ਕਰਦੇ। ਉਨ੍ਹਾਂ ਨੇ ਐਮ ਐਨ ਐਸ (ਮਹਾਰਾਸਰਾਸ਼ਟਰ ਨਵ ਨਿਰਮਾਣ ਸੈਨਾ) ਦੇ ਮੁਖੀ ਰਾਜ ਠਾਕਰੇ ਉੱਤੇ ਨਿਸ਼ਾਨਾ ਕੱਸਿਆ ਕਿ ਭਗਵਾਨ ਰਾਮ ਉਨ੍ਹਾਂ ਨੂੰ ਅਸ਼ੀਰਵਾਦ ਨਹੀਂ ਦਿੰਦੇ, ਜੋ ਨਕਲੀ ਜਜ਼ਬਾਤਾਂ ਅਤੇ ਸਿਆਸੀ ਕਾਰਨਾਂ ਕਰ ਕੇ ਉਨ੍ਹਾਂ ਕੋਲ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਵਿਰੋਧ ਝੱਲਣਾ ਪੈ ਸਕਦਾ ਹੈ।

ਦੂਸਰੇ ਪਾਸੇ ਭਾਜਪਾ ਪਾਰਲੀਮੈਂਟ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਵੀ ਰਾਜ ਠਾਕਰੇ ਦੇ ਅਯੁੱਧਿਆ ਦੌਰੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਠਾਕਰੇ ਨੂੰ ਉਦੋਂ ਤਕ ਸ਼ਹਿਰ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ, ਜਦ ਤਕ ਉਹ ਉਤਰ ਭਾਰਤੀਆਂ ਨੂੰ ਜ਼ਲੀਲ ਕਰਨ ਦੀ ਮੁਆਫੀ ਨਹੀਂ ਮੰਗਦੇ।ਵਰਨਣਯੋਗ ਹੈ ਕਿ ਮਹਾਰਾਸ਼ਟਰ ਦੇ ਮੰਤਰੀ ਅਤੇ ਸ਼ਿਵ ਸੈਨਾ ਆਗੂ ਆਦਿਤਿਆ ਠਾਕਰੇ ਨੇ ਵੀ ਕਿਹਾ ਹੈ ਕਿ ਉਹ ਅਯੁੱਧਿਆ ਦੌਰਾ ਕਰਨਗੇ। ਸੰਜੇ ਰਾਊਤ ਨੇ ਕਿਹਾ ਕਿ ਆਦਿੱਤਿਆ ਠਾਕਰੇ ਦਾ ਅਯੁੱਧਿਆ ਦੌਰਾ 10 ਜੂਨ ਦੇ ਨੇੜੇ ਹੋਵੇਗਾ। ਉਨ੍ਹਾਂ ਨਾਲ ਮਹਾਰਾਸ਼ਟਰ ਤੇ ਪੂਰੇ ਦੇਸ਼ ਵਿੱਚੋਂ ਸ਼ਿਵ ਸੈਨਿਕ ਅਯੁੱਧਿਆ ਜਾਣਗੇ ਅਤੇ ਸ਼ਰਧਾ ਭੇਟ ਕਰ ਕੇ ਆਉਣਗੇ।

## ਅਮਰੀਕਾ ਵਿੱਚ ਕਾਰਾਂ ਨੂੰ ਅੱਗ ਲਾਉਣ ਵਾਲੇ ਨੂੰ ਪੁਲਸ ਨੇ ਗੋਲੀ ਮਾਰੀ

ਰਾਲੇਹ, 9 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਉਤਰੀ ਕੈਰੋਲੀਨਾ ਦੇ ਰਾਲੇਹ ਖੇਤਰ ਵਿੱਚ ਇੱਕ ਪੁਲਸ ਸਟੇਸ਼ਨ ਦੇ ਨੇੜੇ ਮੋਲੋਟੋਵ ਕਾਕਟੇਲ (ਪਟਰੌਲ ਬੰਬ) ਸੁੱਟਣ ਤੇ ਕਾਰਾਂ ਨੂੰ ਅੱਗ ਲਾਉਣ ਵਾਲੇ ਵਿਅਕਤੀ ਨੂੰ ਪੁਲਸ ਅਧਿਕਾਰੀਆਂ ਨੇ ਰਾਤ ਨੂੰ ਗੋਲੀ ਮਾਰ ਦਿੱਤੀ, ਜਿਸ ਦੀ ਹਸਪਤਾਲ ਪਹੁੰਚ ਕੇ ਮੌਤ ਹੋ ਗਈ। ਪੁਲਸ ਮੁਖੀ ਨੇ ਦੱਸਿਆ ਕਿ ਟਕਰਾਅ ਉਦੋਂ ਸ਼ੁਰੂ ਹੋਇਆ ਜਦੋਂ ਇੱਕ ਅਧਿਕਾਰੀ ਨੇ ਜ਼ਿਲ੍ਹਾ ਪੁਲਸ ਸਟੇਸ਼ਨ ਨੇੜੇ ਇੱਕ ਪਾਰਕਿੰਗ ਵਿੱਚ ਦੁਪਹਿਰੇਕਰੀਬ 1.20 ਵਜੇ ਇੱਕ ਵਿਅਕਤੀ ਨੂੰ ਵਾਹਨਾਂ ਨੂੰ ਅੱਗ ਲਾਉਂਦੇ ਦੇਖਿਆ।ਪੈਟਰਸਨ ਦੇ ਅਨੁਸਾਰ ਪੁਲਸ ਅਧਿਕਾਰੀ ਨੇ ਮਦਦ ਲਈ ਬੁਲਾਇਆ ਤਾਂ ਤਿੰਨ ਹੋਰ ਅਧਿਕਾਰੀ ਉਥੇ ਪਹੁੰਚੇ ਅਤੇ ਵਾਹਨ ਨੂੰ ਅੱਗ ਲਾ ਰਹੇ ਵਿਅਕਤੀ ਨੂੰ ਰੁਕਣ ਦਾ ਆਦੇਸ਼ ਦਿੱਤਾ, ਪਰ ਉਹ ਨਹੀਂ ਰੁਕਿਆ ਅਤੇ ਪੁਲਸ ਅਧਿਕਾਰੀਆਂ ਉਤੇ ਪਟਰੋਲ ਬੰਬ ਸੁੱਟਣ ਲੱਗ ਪਿਆ, ਜਿਸ ਵਿੱਚੋਂ ਇੱਕ ਬੰਬ ਪੁਲਸ ਅਧਿਕਾਰੀ ਕੋਲ ਡਿੱਗ ਗਿਆ। ਫਿਰ ਅਫ਼ਸਰਾਂ ਨੇ ਆਪਣੇ ਹਥਿਆਰਾਂ ਦੀ ਵਰਤੋਂ ਕੀਤੀ ਅਤੇ ਉਸ ਆਦਮੀ ਉਤੇ ਗੋਲੀਬਾਰੀ ਕੀਤੀ। ਇਸ ਪਿੱਛੋਂ ਉਨ੍ਹਾਂ ਨੇ ਆਮ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਅਤੇ ਜ਼ਖ਼ਮੀ ਹਮਲਾਵਰ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਮੌਤ ਹੋ ਗਈ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149




ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਸਰਕਾਰੀ ਜਮੀਨ ਤੇ ਕੀਤੀਆਂ ਜਾ ਰਹੀਆਂ ਨਜਾਇਜ ਉਸਾਰੀਆਂ ਤੇ ਕੀਤੀ ਜਾਵੇਗੀ ਕਾਰਵਾਈ: ਡਿਪਟੀ ਕਮਿਸ਼ਨਰ



ਪਠਾਨਕੋਟ, 9 ਮਈ (ਗਿਆਨ ਸਿੰਘ)- ਪੰਜਾਬ ਸਰਕਾਰ ਦੇ ਆਦੇਸਾਂ ਅਨੁਸਾਰ ਜਿਲਾ ਪਠਾਨਕੋਟ ਅੰਦਰ ਜੇਕਰ ਕਿਸੇ ਸਰਕਾਰੀ ਜਮੀਨ ਤੇ ਨਜਾਇਜ ਉਸਾਰੀ ਕੀਤੀ ਜਾ ਰਹੀ ਹੈ ਤਾਂ ਉਨਾਂ ਉਸਾਰੀਆਂ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਹ ਪ੍ਰਗਟਾਵਾ ਸ. ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਇੱਕ ਵਿਸੇਸ ਮੀਟਿੰਗ ਦੋਰਾਨ ਕੀਤਾ ਗਿਆ। ਜਿਕਰਯੋਗ ਹੈ ਕਿ ਜਿਲਾ ਪਠਾਨਕੋਟ ਅੰਦਰ ਸਿਟੀ ਪਠਾਨਕੋਟ, ਨੈਸ਼ਨਲ ਹਾਈਵੇ ਅਤੇ ਹੋਰ ਮਾਰਗਾਂ ਤੇ ਜਿਆਦਾਤਰ ਨਜਾਇਜ ਕੀਤੀਆਂ ਜਾ ਰਹੀਆਂ ਉਸਾਰੀਆਂ ਦੇ ਮਾਮਲੇ ਧਿਆਨ ਵਿੱਚ ਆਏ ਹਨ। ਇਨਾਂ ਨਜਾਇਜ ਉਸਾਰੀਆਂ ਤੇ ਜਿਲਾ ਪ੍ਰਸਾਸਨ ਕਾਰਵਾਈ ਕਰਨ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਪਿਛਲੇ ਦਿਨਾਂ ਦੋਰਾਨ ਉਨਾਂ ਵੱਲੋਂ ਪਠਾਨਕੋਟ ਤੋਂ ਦੁਨੇਰਾ-ਕਟੋਰੀ ਬੰਗਲਾ ਤੱਕ ਵਿਸੇਸ ਦੋਰਾ ਕੀਤਾ ਗਿਆ। ਉਨਾਂ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਰੋਡ ਦੇ ਕਿਨਾਰਿਆਂ ਤੇ ਬਹੁਤ ਸਾਰੇ ਲੋਕਾਂ ਵੱਲੋਂ ਮਕਾਨਾਂ ਅਤੇ ਦੁਕਾਨਾਂ ਦੀਆਂ ਉਸਾਰੀਆਂ ਕੀਤੀਆ ਜਾ ਰਹੀਆਂ ਹਨ। ਉਨਾਂ ਕਿਹਾ ਕਿ ਕਈ ਸਥਾਨਾਂ ਤੇ ਜਾਂ ਤਾਂ ਪਹਾੜੀਆਂ ਦੀ ਕਟਿੰਗ ਕਰਕੇ ਨਿਰਮਾਣ ਕਰਵਾਇਆ ਜਾ ਰਿਹਾ ਹੈ ਜਾਂ ਫਿਰ ਬਿਲਕੁਲ ਰੋਡ ਦੇ ਕਿਨਾਰਿਆਂ ਤੇ ਹੀ ਉਸਾਰੀ ਕੀਤੀ ਹੋਈ ਹੈ। ਜਿਸ ਦੇ ਚਲਦਿਆਂ ਰਸਤੇ ਤੰਗ ਹੋ ਰਹੇ ਹਨ ਅਤੇ ਮੰਦਭਾਗੀ ਘਟਨਾਵਾਂ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ। ਉਨਾਂ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਅਜਿਹੇ ਮਾਮਲਿਆਂ ਦੀ ਜਾਂਚ ਕੀਤੀ ਜਾਵੇ ਅਤੇ ਅਗਰ ਕਿਸੇ ਦੀ ਨਜਾਇਜ ਉਸਾਰੀ ਪਾਈ ਜਾਂਦੀ ਹੈ ਤਾਂ ਤੁਰੰਤ ਕਾਰਵਾਈ ਕੀਤੀ ਜਾਵੇ।

# ਪੰਚਾਇਤੀ ਜ਼ਮੀਨਾਂ ਨੂੰ ਨਜ਼ਾਇਜ ਕਬਜ਼ਿਆਂ ਤੋਂ ਮੁਕਤ ਕਰਾਉਣ ਲਈ ਮੁਹਿੰਮ ਨੂੰ ਲੋਕਾਂ ਦਾ ਬਹੁਤ ਸਹਿਯੋਗ ਮਿਲ ਰਿਹਾ: ਕੁਲਦੀਪ ਸਿੰਘ ਧਾਲੀਵਾਲ

***ਕਿਹਾ, ਪੰਜਾਬ ਨੂੰ ਪੰਜਾਬ ਬਣਾਉਣ ਦੀ ਲੋੜ, ਕੈਲੇਫੋਰਨੀਆ ਨਹੀਂ *ਕੈਬਨਿਟ ਮੰਤਰੀ ਵੱਲੋਂ ਅਗਾਂਹਵਧੂ ਪਿੰਡ ਰਣਸੀਂਹ ਕਲਾਂ ਦਾ ਦੌਰਾ**





ਰਣਸੀਂਹ ਕਲਾਂ/ਮੋਗਾ, 9 ਮਈ (ਗਿਆਨ ਸਿੰਘ) - ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਪੰਚਾਇਤੀ ਜ਼ਮੀਨਾਂ ਨੂੰ ਨਜ਼ਾਇਜ ਕਬਜ਼ਿਆਂ ਤੋਂ ਮੁਕਤ ਕਰਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਲੋਕਾਂ ਦਾ ਬਹੁਤ ਸਹਿਯੋਗ ਮਿਲ ਰਿਹਾ ਹੈ। ਇਸ ਤੋਂ ਬਾਅਦ ਸੂਬੇ ਦੀਆਂ ਲਿੰਕ ਸੜਕਾਂ ਅਤੇ ਕੱਚੇ ਰਾਹਾਂ ਉੱਤੇ ਹੋਏ ਕਬਜ਼ੇ ਵੀ ਛੁਡਾਏ ਜਾਣਗੇ। ਉਹ ਅੱਜ ਹਲਕਾ ਨਿਹਾਲ ਸਿੰਘ ਵਾਲਾ ਦੇ ਅਗਾਂਹਵਧੂ ਪਿੰਡ ਰਣਸੀਂਹ ਕਲਾਂ ਵਿਖੇ ਵਿਖੇ ਹੋਏ ਵਿਕਾਸ ਕਾਰਜਾਂ ਨੂੰ ਦੇਖਣ ਲਈ ਵਿਸ਼ੇਸ਼ ਤੌਰ ਉੱਤੇ ਆਏ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਨੂੰ ਨਜ਼ਾਇਜ ਕਬਜ਼ਿਆਂ ਤੋਂ ਮੁਕਤ ਕਰਾਉਣ ਦੀ ਮੁਹਿੰਮ ਕਿਸੇ ਵੀ ਹੀਲੇ ਰੁਕਣ ਨਹੀਂ ਦਿੱਤੀ ਜਾਵੇਗੀ। ਇਸ ਮੁਹਿੰਮ ਨੂੰ ਸਫਲ ਕਰਨ ਲਈ ਲੋਕਾਂ ਦਾ ਸਹਿਯੋਗ ਬਹੁਤ ਜਰੂਰੀ ਹੈ। ਉਹਨਾਂ ਨਜ਼ਾਇਜ ਕਬਜ਼ਾਧਾਰੀਆਂ ਨੂੰ ਅਪੀਲ ਕੀਤੀ ਕਿ ਉਹ ਖੁਦ ਹੀ ਪੰਚਾਇਤੀ ਜ਼ਮੀਨਾਂ ਨੂੰ ਖਾਲੀ ਕਰ ਦੇਣ। ਉਹਨਾਂ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਜਿਹੜਾ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਸਹਿਯੋਗ ਨਹੀਂ ਦੇਵੇਗਾ ਉਸ ਖਿਲਾਫ਼ ਕਾਨੂੰਨ ਮੁਤਾਬਿਕ ਕਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜਿਆਦਾਤਰ ਜ਼ਮੀਨਾਂ ਉੱਤੇ ਕਥਿਤ ਤੌਰ ਉੱਤੇ ਰਾਜਸੀ ਲੋਕਾਂ ਅਤੇ ਸਰਕਾਰੀ ਅਧਿਕਾਰੀਆਂ ਨੇ ਕਬਜ਼ਾ ਕੀਤਾ ਹੋਇਆ ਹੈ।

ਉਹਨਾਂ ਕਿਹਾ ਕਿ ਸਾਡੇ ਦੇਸ਼ ਦੀ ਇਹ ਤ੍ਰਾਸਦੀ ਹੈ ਕਿ ਇਥੋਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੇ ਅਧਿਕਾਰਾਂ ਦੀ ਜਾਣਕਾਰੀ ਨਹੀਂ ਹੈ। ਇਸੇ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਚਾਇਤਾਂ ਨੂੰ ਪੰਚਾਇਤੀ ਰਾਜ ਐਕਟ ਤੋਂ ਜਾਣੂ ਕਰਵਾਇਆ ਜਾਵੇਗਾ। ਇਸੇ ਤਰਾਂ ਪਿੰਡਾਂ ਦਾ ਵਿਕਾਸ ਕਿਵੇਂ ਕਰਨਾ ਹੈ ਇਸ ਬਾਰੇ ਜਾਣੂ ਕਰਾਉਣ ਲਈ ਪਿੰਡ ਰਣਸੀਂਹ ਕਲਾਂ ਵਰਗੀਆਂ ਅਗਾਂਹਵਧੂ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਹੋਰ ਪੰਚਾਇਤਾਂ ਨੂੰ ਜਾਗਰੂਕ ਕਰਨ ਦੀ ਕਮਾਨ ਸੌਂਪੀ ਜਾਵੇਗੀ। ਉਹਨਾਂ ਕਿਹਾ ਕਿ 1 ਜੂਨ ਤੋਂ 26 ਜੂਨ, 2022 ਤੱਕ ਪੂਰੇ ਪੰਜਾਬ ਵਿਚ ਗ੍ਰਾਮ ਸਭਾ ਦਾ ਆਯੋਜਨ ਹੋਵੇਗਾ। ਜਿਹਨਾਂ ਵਿੱਚ ਪਿੰਡਾਂ ਦੇ ਵਿਕਾਸ ਲਈ ਖਾਕਾ ਤਿਆਰ ਕੀਤਾ ਜਾਵੇਗਾ। ਉਹਨਾਂ ਪਿੰਡ ਰਣਸੀਂਹ ਕਲਾਂ ਦੀ ਸਿਫ਼ਤ ਕਰਦਿਆਂ ਕਿਹਾ ਕਿ ਪੰਜਾਬ ਦੇ ਹਰੇਕ ਪਿੰਡ ਨੂੰ ਨਮੂਨੇ ਦਾ ਪਿੰਡ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਅੱਜ ਪੰਜਾਬ ਨੂੰ ਪੰਜਾਬ ਬਣਾਉਣ ਦੀ ਲੋੜ ਹੈ ਕੈਲੇਫੋਰਨੀਆ ਨਹੀਂ। ਉਹਨਾਂ ਕਿਹਾ ਕਿ ਪੰਜਾਬ ਨੂੰ ਅਕਾਲੀਆਂ ਅਤੇ ਕਾਂਗਰਸੀਆਂ ਨੇ ਰਲ ਕੇ ਬਰਬਾਦ ਕੀਤਾ ਹੈ। ਹੁਣ ਆਪ ਸਰਕਾਰ ਸੂਬੇ ਦੇ ਸਾਰੇ 12560 ਪਿੰਡਾਂ ਦੀ ਸ਼ਾਨ ਮੁੜ ਬਹਾਲ ਕਰਨ ਲਈ ਵਚਨਬੱਧ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educat-ed.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ

**Urgently Need New Listings in Brampton/Caledon**

visit: www.teamjagaujla.com




Call **JAG AUJLA**
MCNE, REAL ESTATE BROKER
DIR: **416-371-7777**
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**URGENTLY NEED NEW LISTINGS IN THIS AREA**
**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**



**2nd Dwelling Unit Basement**

**Highway 10 & Bovaird Dr. (LEGAL BASEMENT APARTMENT)**
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020) Jag Aujla For Details @ 416-371-7777

**JUST SOLD**



**8 Dayspring Circ 1421, Brampton**
HIGHEST PRICE SOLD IN 8 DAYSPRING CIRC IN THIS MARKET OF MAY 2022
**URGENTLY NEED NEW LISTINGS IN THIS AREA**

**SOLD** $315,000 OVER ASKING IN 3 DAYS — 88 Likdale Rd, Williams Pkwy / Centre

**SOLD** $155,000 OVER ASKING IN 2 DAYS TO MY BUYER — 13 Trailridge Dr, Williams Pkwy / Royal Orchard

**SOLD** $96,000 OVER ASKING IN 2 DAYS TO MY BUYER — 26 Hanover Rd, Queen St. / Dixie Rd

**SOLD** $215,000 OVER ASKING IN 2 DAYS TO MY BUYER — 42 Lawnview Crt, Sandalwood /Hwy 10 / Braidwood

**SOLD** $260,000 OVER ASKING IN 2 DAYS — 10 Lady Stewart Blvd, Howden / William Pkwy/ Hwy 410

**SOLD** $317,000 OVER ASKING IN 4 DAYS TO MY BUYER — 17 Bristol Ave, Queen St / Mclaughlin

**FREE**

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
"(Based on units sold & commissions)" *Some Conditions Apply.
"Seller" & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call **JAG AUJLA** DIR: **416-371-7777**
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022

**Tri-City** Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8



SOLD $1,399,999 CASTLEMORE/GOREWAY

SOLD $1,749,900 8337 ਗਲਫ ਲਾਈਨ

ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000 26 Yellow RomeRd

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS-JAFINE

**HELP WANTED**
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017